ੴ ਵਾਹਿਗੁਰੂ ਜੀ ਕੀ ਫ਼ਤਹ॥

# ਖ਼ਾਲਸਾ ਅਖ਼ਬਾਰ

ਅੱਸੂ–ਕੱਤਕ, ਸੰਮਤ ਨਾਨਕਸ਼ਾਹੀ ੫੫੮ ਅਕਤੂਬਰ ੨੦੨੬ ਅੰਕ 4

## ਸ੍ਰੀ ਗੁਰੂ ਰਾਮਦਾਸ ਜੀ



www.khalsaakhbaar.com

Fore More Information
Scan linktree QR Code



ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ


**ਗਿਆਨੀ ਗੁਰਜੀਤ ਸਿੰਘ ਪਟਿਆਲਾ**

ਸੰਪਾਦਕ
**ਗੁਰਪ੍ਰੀਤ ਸਿੰਘ**

ਉਪ ਸੰਪਾਦਕ
**ਮੇਜਰ ਸਿੰਘ**

ਸੰਪਾਦਕ (ਅੰਗਰੇਜ਼ੀ ਸੈਕਸ਼ਨ)
**ਮਨਪ੍ਰੀਤ ਕੌਰ**

*Published by*
**TAKHAT TAJ LTD**
Company number 16282266

Our UK Bank Account Details:
Account Holder Name: TAKHAT TAJ LTD
Account Number: 50101915
Sort Code: 20-08-64

## ਸੂਹੀ ਮਹਲਾ ੫ ॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥

(ਅੰਗ ੭੮੩)

# ਤਤਕਰਾ


| | | |
|---|---|---|
| • ਕਤਿਕਿ ਕਰਮ ਕਮਾਵਣੇ... | –ਗਿਆਨੀ ਗੁਰਜੀਤ ਸਿੰਘ ਪਟਿਆਲਾ | ੩ |
| • ਜੀਰਾਣ (ਸੰਪਾਦਕੀ ਲੇਖ) | –ਗਿਆਨੀ ਗੁਰਜੀਤ ਸਿੰਘ ਪਟਿਆਲਾ | ੪ |
| • ਸ੍ਰੀ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਵਿਚ ਸਦੀਵੀ ਅਗਵਾਈ | –ਸ. ਸਰਬਜੀਤ ਸਿੰਘ | ੫ |
| • ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ | –ਸ. ਨਵਜੋਤ ਸਿੰਘ | ੯ |
| • ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਕੀਤੇ ਸਮਾਜਿਕ ਪਰਿਵਰਤਨਾਂ ਦੀ ਬਹੁਪੱਖੀ ਪ੍ਰਸੰਗਿਕਤਾ | –ਡਾ. ਰਾਜਿੰਦਰ ਸਿੰਘ ਕੁਰਾਲੀ | ੧੧ |
| • ਧੰਨੁ ਧੰਨੁ ਰਾਮਦਾਸ ਗੁਰੁ | –ਸ. ਜਸਵੰਤ ਸਿੰਘ ਅਜੀਤ | ੧੩ |
| • ਗੁਰੂ ਘਰ ਦੇ ਮਹਾਨ ਸਿੱਖ: ਬਾਬਾ ਬੁੱਢਾ ਜੀ | –ਸ. ਕਿਰਪਾਲ ਸਿੰਘ | ੧੭ |
| • ਸਿਰ–ਸੀਸ–ਸਿਦਕ ਤੇ ਸੰਦੇਸ਼ | –ਡਾ. ਇੰਦਰਜੀਤ ਸਿੰਘ ਗੋਗੋਆਣੀ | ੨੦ |
| • ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ | –ਡਾ. ਰਤਨ ਸਿੰਘ ਜੱਗੀ | ੨੩ |
| • ਸਾਕਾ ਸ੍ਰੀ ਪੰਜਾ ਸਾਹਿਬ | –ਡਾ. ਰਛਪਾਲ ਸਿੰਘ | ੨੫ |
| • ਸਿੰਘ ਸਭਾ ਲਹਿਰ ਦੇ ਉਦੇਸ਼ ਅਤੇ ਪ੍ਰਾਪਤੀਆਂ | –ਡਾ. ਸਰਬਜੀਤ ਸਿੰਘ | ੨੭ |

ਕੱਤਕ ਮਹੀਨੇ ਦੀ ਵਿਚਾਰ

# ਕਤਿਕਿ ਕਰਮ ਕਮਾਵਣੇ...

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)

ਪੰਚਮ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਵਿਚ ਕੱਤਕ ਮਹੀਨੇ ਦੀ ਸੁਹਾਵਣੀ ਸੀਤਲ ਬਹਾਰ ਦੇ ਪ੍ਰਥਾਏ ਮਨੁੱਖ-ਮਾਤਰ ਨੂੰ ਸੱਚੀ ਸੰਗਤ ਦਾ ਆਸਰਾ ਲੈ ਕੇ ਮਾਲਕ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜਦਿਆਂ ਹੋਇਆਂ ਦੁਰਲੱਭ ਤੇ ਅਨਮੋਲ ਮਨੁੱਖਾ ਜਨਮ ਜਾਂ ਜੀਵਨ ਨੂੰ ਸਫਲ ਕਰਨ ਦਾ ਗੁਰਮਤਿ ਗਾਡੀ ਮਾਰਗ ਦਰਸਾਉਂਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜੇਕਰ ਕੱਤਕ ਮਹੀਨੇ ਦੀ ਸੀਤਲ ਸੁਹਾਵਣੀ ਬਹਾਰ ਮਿਲ ਗਈ ਹੈ ਤਾਂ ਇਸ ਦਾ ਲਾਭ ਲੈਂਦਿਆਂ ਚੰਗੇ ਕਰਮ ਕਰਨੇ ਹੀ ਯੋਗ ਹਨ।

ਜੇਕਰ ਕੋਈ ਅਜਿਹੀ ਅਨੁਕੂਲ ਬਹਾਰ 'ਚ ਵੀ ਚੰਗੇ ਕਰਮ ਨਾ ਕਰੇ ਤਾਂ ਉਹ ਇਸ ਦਾ ਦੋਸ਼ ਕਿਸੇ ਹੋਰ ਨੂੰ ਨਾ ਦੇਵੇ। ਕਹਿਣ ਤੋਂ ਭਾਵ ਇਹ ਇਸ ਦਾ ਆਪਣਾ ਹੀ ਕਸੂਰ ਮੰਨਣਾ ਚਾਹੀਦਾ ਹੈ।

ਮਾਲਕ ਪਰਮਾਤਮਾ ਨੂੰ ਵਿਸਾਰਿਆਂ ਸਾਰੇ ਰੋਗ ਜ਼ੋਰ ਪਾ ਲੈਂਦੇ ਹਨ ਤੇ ਸਾਨੂੰ ਘੇਰ ਲੈਂਦੇ ਹਨ। ਜੇਕਰ ਮਾਲਕ ਤੋਂ ਮੂੰਹ ਮੋੜੀਏ ਤਾਂ ਜਨਮਾਂ ਦੇ ਵਿਛੋੜੇ ਪੈ ਜਾਂਦੇ ਹਨ। ਜਿਹੜੀਆਂ ਮਾਇਆ ਦੀਆਂ ਮੌਜਾਂ ਮਨੁੱਖ ਮਾਲਕ ਨੂੰ ਭੁੱਲ ਕੇ ਮਾਣਨ ਦੇ ਭਰਮ 'ਚ ਹੁੰਦਾ ਹੈ ਉਹ ਪਲ 'ਚ ਦੁਖਦਾਇਕ ਹੋ ਜਾਂਦੀਆਂ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਦੁਨਿਆਵੀ ਮੌਜਾਂ ਮਾਣਨ ਦੇ ਕੁਰਾਹੇ ਪਿਆਂ ਮਨੁੱਖ ਨੂੰ ਜੇਕਰ ਸਿਰਫ ਆਪਣਾ ਦੁੱਖ ਹੀ ਹੋਵੇ ਤਾਂ ਕੋਈ ਵੀ ਉਸ ਦਾ ਇਲਾਜ ਨਹੀਂ ਕਰ ਸਕਦਾ। ਬਹੁਗਿਣਤੀ ਭੁੱਲੇ-ਭਟਕਿਆਂ ਦੀ ਹਾਲਤ ਵੱਲ ਸੰਕੇਤ ਕਰਦਿਆਂ ਗੁਰੂ ਜੀ ਫੁਰਮਾਉਂਦੇ ਹਨ ਕਿ ਅਜਿਹੀ ਹਾਲਤ ਮਨੁੱਖ ਲਈ ਬੜੀ ਬੇਵੱਸੀ ਵਾਲੀ ਹੈ। ਅਜਿਹੇ ਅਭਾਗੇ ਮਨੁੱਖਾਂ ਦੇ ਕਰਮਾਂ 'ਚ ਮਾਲਕ ਵੱਲੋਂ ਹੀ ਵਿਛੋੜਾ ਲਿਖਿਆ ਹੋਇਆ ਹੈ। ਐਪਰ ਚੰਗੇ ਭਾਗਾਂ ਨੂੰ ਜੇਕਰ ਮਾਲਕ ਪਰਮਾਤਮਾ ਮਿਲ ਜਾਵੇ ਤਾਂ ਸਾਰੇ ਵਿਛੋੜੇ ਲੱਥ ਜਾਂਦੇ ਹਨ। ਅੰਤ 'ਚ ਗੁਰੂ ਜੀ ਸਾਨੂੰ ਮਾਇਆ 'ਚ ਬੁਰੀ ਤਰ੍ਹਾਂ ਉਲਝੇ ਕਲਿਯੁਗੀ ਜੀਵਾਂ ਨੂੰ ਗੁਰਮਤਿ ਮਾਰਗ ਦਰਸਾਉਂਦੇ ਹੋਏ ਕਥਨ ਕਰਦੇ ਹਨ ਕਿ ਹੇ ਨਾਨਕ! ਮਾਇਆ ਦੇ ਬੰਧਨਾਂ ਤੋਂ ਛੁਡਾਉਣ ਵਾਲੇ ਮਾਲਕ ਜੀਓ, ਜੋਦੜੀ ਹੈ ਕਿ ਮੈਨੂੰ ਵੀ ਰੱਖ ਲਵੋ! ਜੇਕਰ ਕੱਤਕ ਦੇ ਅਨੁਕੂਲ ਵਾਤਾਵਰਨ ਵਿਚ ਚੰਗੇ ਜਨ ਦਾ ਸਾਥ ਸਹਿਯੋਗ ਮਿਲ ਜਾਵੇ ਤਾਂ ਸਾਰੇ ਫਿਕਰ ਦੂਰ ਹੋ ਜਾਂਦੇ ਹਨ ਅਰਥਾਤ ਇੱਛਤ ਰੂਹਾਨੀ ਮੰਜ਼ਲ 'ਤੇ ਪੁੱਜਿਆ ਜਾ ਸਕਦਾ ਹੈ।

ਸੰਪਾਦਕੀ ਲੇਖ

# ਜੀਰਾਣ

-ਗਿਆਨੀ ਗੁਰਜੀਤ ਸਿੰਘ ਪਟਿਆਲਾ
ਮੁੱਖ ਸੰਪਾਦਕ

ਜਾਹਰ ਪੀਰ ਜਗਤ ਗੁਰ ਬਾਬਾ ਪਹਿਲੇ ਪਾਤਸ਼ਾਹ ਦੇ ਪਾਵਨ ਉਪਦੇਸ਼ ਤੇ ਸ਼ੇਖ ਫਰੀਦ ਜੀ ਦੁਆਰਾ ਉਚਾਰਨ ਪਾਵਨ ਸਲੋਕਾਂ ਦੇ ਵਿੱਚ ਜੀਰਾਣ ਸ਼ਬਦ ਮੌਜੂਦ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦੇ ਵਿੱਚ ਜੀਰਾਣ ਦੋ ਵਾਰ ਆਇਆ ਹੈ। ਪਹਿਲੇ ਪਾਤਸ਼ਾਹ ਕਿਸੇ ਅਤ ਦੇ ਪਿਆਰ ਵਾਲੇ ਸਜਣ ਦੇ ਜੀਰਾਣ ਦੇ ਵਿੱਚ ਜਾ ਕੇ ਸੌਣ ਦਾ ਫੁਰਮਾਨ ਕਰਦੇ ਹਨ:

**ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥**
**ਹੰ ਭੀ ਵੰਞਾ ਡੁੰਮਣੀ ਰੋਵਾ ਝੀਣੀ ਬਾਣਿ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੨੩)

ਸ਼ੇਖ ਫਰੀਦ ਜੀ ਕਿਸੇ ਬਾਦਸ਼ਾਹ ਸ਼ਹਿਨਸ਼ਾਹ ਦੇ ਜਿਸ ਦੇ ਸਿਰ ਤੇ ਛਤਰ ਝੁੱਲਦਾ,ਪਾਸ ਦਮਾਮੇ ਵੱਜਦੇ ਨੇ, ਤੂਤੀਆਂ ਦੀਆਂ ਧੁਨਾਂ ਦੇ ਵਿੱਚ ਉਸਤਤੀ ਦੇ ਛੰਦ ਗਾਏ ਜਾਂਦੇ ਸਨ, ਪਰ ਅੱਜ ਉਹ ਬਾਦਸ਼ਾਹ ਵੀ ਕਿਸੇ ਯਤੀਮ ਮਨੁੱਖ ਦੀ ਤਰ੍ਹਾਂ ਜੀਰਾਣ ਦੇ ਵਿੱਚ ਜਾ ਕੇ ਸੌਂ ਗਿਆ ਦਾ ਪ੍ਰਗਟਾਵਾ ਕਰਦੇ ਹਨ:

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੮)

ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਦੇ ਵਿੱਚ ਜੀਰਾਣ ਦੇ ਅਰਥ ਮੁਰਦਿਆਂ ਦੇ ਦੱਬਣ ਦੀ ਥਾਂ ਕਬਰਿਸਤਾਨ ਕਰਦੇ ਹਨ।

ਭਾਈ ਵੀਰ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਦੇ ਵਿੱਚ ਸੰਸਕ੍ਰਿਤ ਦੇ ਸ਼ਬਦ ਜੀਰਾਣ ਉਜੜੀ ਥਾਂ ਪੁਰਾਣੀ ਥਾਂ ਭਾਵ ਕਬਰਿਸਤਾਨ ਮੜੀ ਮਸਾਨ ਵਾਸਤੇ ਵਰਤਿਆ ਜਾਂਦਾ ਹੈ। ਪ੍ਰੋਫੈਸਰ ਸਾਹਿਬ ਸਿੰਘ ਗੁਰਬਾਣੀ ਪਾਠ ਦਰਪਣ ਦੇ ਵਿੱਚ ਵੀ ਦੂਸਰੇ ਵਿਦਵਾਨਾਂ ਵਾਲਾ ਅਰਥ ਹੀ ਕਰਦੇ ਹਨ।

ਜਗਤ ਦੇ ਵਿੱਚ ਮਨੁੱਖ ਦੇ ਮਰ ਜਾਣ ਤੋਂ ਬਾਅਦ ਉਸ ਦੇ ਸਰੀਰ ਦੀ ਕਿਰਿਆ ਵੱਖ-ਵੱਖ ਤਰੀਕਿਆਂ ਦੇ ਨਾਲ ਕੀਤੀ ਜਾਂਦੀ ਹੈ, ਸਰੀਰ ਨੂੰ ਅੱਗ ਦੇ ਵਿੱਚ ਸਾੜਨਾ, ਮਿੱਟੀ ਦੇ ਵਿੱਚ ਦਫਨਾਉਣਾ, ਜਾਨਵਰ ਕੁੱਤੇ ਆਦਿਕ ਦੇ ਅਗੋਂ ਖਾਣ ਵਾਸਤੇ ਰੱਖਣਾ, ਸਰੀਰ ਨੂੰ ਪਾਣੀ ਦੇ ਵਿੱਚ ਜਲ ਪ੍ਰਵਾਹ ਕਰਨਾ, ਖੂਹ ਤੇ ਬਣੇ ਜੰਗਲੇ ਦੇ ਉੱਪਰ ਪੰਛੀਆਂ ਦੇ ਵਾਸਤੇ ਖਾਣ ਵਾਸਤੇ ਰਖਣਾ। ਮੁਸਲਮਾਨ, ਇਸਾਈ ਸਰੀਰ ਨੂੰ ਮਿੱਟੀ ਦੇ ਵਿੱਚ ਦਫਨਾਉਂਦੇ ਹਨ

ਜੀਰਾਣ ਜੀਅ ਸਰੀਰ ਖਾਣ ਦਾ ਸੰਖੇਪ ਹੈ।

ਮੁਸਲਮਾਨ ਮੁਰਦੇ ਨੂੰ ਕਬਰ ਦੇ ਵਿੱਚ ਦਫਨਾਉਂਦੇ ਹਨ, ਜਿਸਮ ਦੇ ਵਿੱਚ ਕੀੜੇ ਪੈਦਾ ਹੁੰਦੇ ਹਨ ਜੋ ਸਾਰੇ ਸਰੀਰ ਨੂੰ ਕਬਰ ਦੇ ਵਿੱਚ ਹੌਲੀ ਹੌਲੀ ਖਾ ਕੇ ਖਤਮ ਕਰ ਦਿੰਦੇ ਹਨ, ਬਾਬਾ ਫਰੀਦ ਆਪਣੇ ਪਾਵਨ ਸਲੋਕ ਦੇ ਵਿੱਚ ਕੀੜਿਆਂ ਦੁਆਰਾ ਸਰੀਰ ਦੇ ਖਾਣ ਵਲ ਦੁਨਿਆਈ ਦਾ ਧਿਆਨ ਦਵਾਉਂਦੇ ਹਨ;

ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥
ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੦)

# ਸ੍ਰੀ ਗੁਰੂ ਨਾਨਕ ਜੀ ਦੇ ਉਪਦੇਸ਼ਾਂ ਵਿਚ ਸਦੀਵੀ ਅਗਵਾਈ

-ਸ. ਸਰਬਜੀਤ ਸਿੰਘ



**ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।**

(ਵਾਰ ੧:੨੭)

ਭਾਈ ਗੁਰਦਾਸ ਜੀ ਦੇ ਇਸ ਕਥਨ ਵਿਚ ਕਿੰਨੀ ਵੱਡੀ ਸਚਾਈ ਹੈ, ਕਿਉ ਜੋ ਸ੍ਰੀ ਗੁਰੂ ਨਾਨਕ ਦੇਵੀ ਜੀ ਦੇ ਪ੍ਰਕਾਸ਼ ਧਾਰਨ ਦੇ ਵਕਤ ਸਮਾਜ ਵੱਡੇ ਅੰਧ-ਵਿਸ਼ਵਾਸ, ਵਹਿਮਾਂ-ਭਰਮਾਂ, ਅਗਿਆਨਤਾ ਅਤੇ ਇੱਥੋਂ ਤਕ ਕਿ ਵੱਖ-ਵੱਖ ਦੇਵੀ-ਦੇਵਤਿਆਂ ਦੀ ਪੂਜਾ ਵਰਗੇ ਭੁਲੇਖਿਆਂ ਵਿਚ ਪਿਆ ਹੋਇਆ ਸੀ ਜਦੋਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮ ਸਚਾਈ ਨੂੰ, ਜਿਸ ਵਿਚ ਧਾਰਮਿਕ ਅੰਧ-ਵਿਸ਼ਵਾਸ ਨੂੰ ਦੂਰ ਕਰ ਕੇ ਸਾਰੇ ਸੰਸਾਰ ਵਿਚ ਇੱਕ ਕਰਤਾ ਦਾ ਵਿਚਾਰ ਦਿੱਤਾ ਅਤੇ ਸਮਝਾਇਆ ਕਿ ਪਰਮਾਤਮਾ ਇੱਕ ਹੈ, ਉਸ ਦਾ ਨਾਂ ਹਮੇਸ਼ਾਂ ਸੱਚਾ ਅਤੇ ਅਟੱਲ ਹੈ, ਉਸ ਨੂੰ ਕਿਸੇ ਦਾ ਡਰ ਨਹੀਂ, ਨਾ ਹੀ ਉਸ ਦਾ ਕਿਸੇ ਨਾਲ ਵੈਰ ਹੈ। ਉਸ 'ਤੇ ਸਮੇਂ ਦਾ ਕੋਈ ਪ੍ਰਭਾਵ ਨਹੀਂ, ਉਸ ਦੀ ਕੋਈ ਮੂਰਤ ਨਹੀਂ। ਨਾ ਉਹ ਜਨਮ ਲੈਂਦਾ ਹੈ, ਨਾ ਮਰਦਾ ਹੈ ਅਤੇ ਉਹ ਆਪਣੇ ਆਪ ਤੋਂ ਆਪ ਪੈਦਾ ਹੋਇਆ ਹੈ ਅਤੇ ਅਜਿਹਾ ਕਰਤਾ ਗੁਰੂ ਦੀ ਮਿਹਰ ਨਾਲ ਹੀ ਪ੍ਰਾਪਤ ਹੁੰਦਾ ਹੈ। ਇਹ ਉਹ ਵੱਡੀ ਸਚਾਈ ਹੈ ਜਿਸ ਨੂੰ ਸਾਰੀ ਲੋਕਾਈ ਨੇ ਸਵੀਕਾਰ ਕੀਤਾ ਹੈ ਪਰਮਾਤਮਾ ਦੀ ਹੋਂਦ ਨੂੰ ਇਕ ਕਰਤਾ ਦੀ ਹੋਂਦ 'ਤੇ ਕੇਂਦਰਿਤ ਕੀਤਾ। ਉਸ ਸਮੇਂ ਦੇ ਕੁਝ ਲੋਕਾਂ ਵੱਲੋਂ ਪੱਥਰਾਂ ਦੀ ਪੂਜਾ ਵੀ ਕੀਤੀ ਜਾਂਦੀ ਸੀ, ਪਰ ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ :

**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥**
**ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੭)

ਜਿਸ ਵਿਚ ਇਹ ਵਿਚਾਰ ਦਰਸਾਇਆ ਗਿਆ ਹੈ ਕਿ ਪੱਥਰਾਂ ਦੀ ਮੂਰਤੀ ਤਾਂ ਪਾਣੀ ਵਿਚ ਡੁੱਬ ਜਾਂਦੀ ਹੈ ਅਤੇ ਜਿਹੜੀ ਮੂਰਤੀ ਆਪਣੇ ਆਪ ਨੂੰ ਵੀ ਡੁੱਬਣ ਤੋਂ ਨਹੀਂ ਬਚਾ ਸਕਦੀ, ਉਹ ਸਾਨੂੰ ਕਿਵੇਂ ਤਾਰੇਗੀ! ਇਸ ਤਰ੍ਹਾਂ ਵੱਖ-ਵੱਖ ਦੇਵੀ-ਦੇਵਤਿਆਂ ਨੂੰ ਪੂਜਣ ਦੀ ਬਜਾਇ ਇਕ ਕਰਤਾ ਜੋ ਹਰ ਜਗ੍ਹਾ, ਹਰ ਸਮੇਂ ਅਤੇ ਹਰ ਕਣ-ਕਣ ਵਿਚ ਹੈ ਉਸ ਦੀ ਸਿਫਤ ਸਲਾਹ ਕਰ ਕੇ ਉਸ ਨੂੰ ਯਾਦ ਰੱਖਣਾ ਹੀ ਯੋਗ ਹੈ। ਪਰਮ-ਹਸਤੀ ਦੇ ਸਦੀਵੀ ਸੱਚ ਦੀ ਗੁਰੂ ਜੀ ਨੇ ਵਿਆਖਿਆ ਕੀਤੀ ਅਤੇ ਗੁਰੂ ਜੀ ਅਨੁਸਾਰ:

**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥** (ਅੰਗ, ੧)

ਉਹ ਸੱਚ ਜੋ ਸਦੀਵੀ ਹੈ, ਕਦੀ ਬਦਲਦਾ ਨਹੀਂ, ਉਹ ਸਦਾ ਅਟੱਲ ਹੈ। ਉਹ ਪਹਿਲਾਂ ਵੀ ਸੱਚ ਸੀ ਹੁਣ ਵੀ ਸੱਚ ਹੈ ਅਤੇ ਭਵਿੱਖ ਵਿਚ ਵੀ ਸੱਚ ਰਹੇਗਾ। ਇਹ ਉਹ ਚਾਨ੍ਹਣ ਸੀ ਜਿਸ ਨੂੰ ਸਾਰੀ ਖਲਕਤ ਨੇ ਮੰਨਿਆ।

ਗੁਰੂ ਜੀ ਨੇ ਪਰਮਾਤਮਾ ਨੂੰ ਕਿਸੇ ਖਾਸ ਜਗ੍ਹਾ 'ਤੇ ਹੀ ਬੈਠਾ ਹੋਇਆ ਨਹੀਂ, ਸਗੋਂ ਹਰ ਥਾਂ 'ਤੇ ਪ੍ਰਤੀਤ ਕੀਤਾ। ਮੱਕੇ ਵਿਖੇ ਜਾ ਕੇ ਗੁਰੂ ਜੀ ਨੇ ਪਰਮਾਤਮਾ ਨੂੰ ਕਿਸੇ ਖਾਸ ਹੀ ਜਗ੍ਹਾ 'ਤੇ ਹੋਣ ਸਬੰਧੀ ਭੁਲੇਖੇ ਦੂਰ ਕੀਤੇ ਅਤੇ ਵਿਆਖਿਆ ਕੀਤੀ ਕਿ ਪਰਮਾਤਮਾ ਕਿਸੇ ਖਾਸ ਜਗ੍ਹਾ ਜਾਂ ਕਿਸੇ ਖਾਸ ਦਿਸ਼ਾ ਵਿਚ ਨਹੀਂ, ਸਗੋਂ ਹਰ ਜਗ੍ਹਾ ਹੈ। ਇਹ ਉਹ ਅਟੱਲ ਅਤੇ ਸਦੀਵੀ ਸਚਾਈ ਹੈ, ਜਿਸ ਨੇ ਸਾਰੇ ਸੰਸਾਰ ਦੀ ਅਗਵਾਈ ਕੀਤੀ ਅਤੇ ਪਰਮਾਤਮਾ ਦੀ ਹੋਂਦ ਬਾਰੇ ਅਨੇਕਾਂ ਭੁਲੇਖਿਆਂ ਅਤੇ ਭਰਮਾਂ ਨੂੰ ਗਿਆਨ ਦੇ ਚਾਨ੍ਹਣ ਨਾਲ ਦੂਰ ਕੀਤਾ। ਇਸ ਅਟੱਲ ਅਤੇ ਸਦੀਵੀ ਸਚਾਈ ਨੇ ਉਸ ਵਕਤ ਅੰਧ-ਵਿਸ਼ਵਾਸ ਵਿਚ ਗ੍ਰਸਤ ਸਾਰੀ ਦੁਨੀਆ ਨੂੰ ਠੀਕ ਸੇਧ ਦਿੱਤੀ।

ਗੁਰੂ ਜੀ ਦੀ ਰੂਹਾਨੀ ਬਿਰਤੀ ਦੀ ਪਹਿਚਾਣ ਉਨ੍ਹਾਂ ਦੇ ਬਚਪਨ ਵਿਚ ਹੀ ਕਰ ਲਈ ਗਈ ਸੀ ਜਦੋਂ ਉਨ੍ਹਾਂ ਦੀ ੭ ਸਾਲ ਦੀ ਉਮਰ ਵਿਚ ਪੰਡਿਤ ਗੋਪਾਲ ਜੀ ਕੋਲ ਪੜ੍ਹਣ ਲਈ ਭੇਜਿਆ ਤਾਂ ਪੰਡਿਤ ਜੀ, ਉਨ੍ਹਾਂ ਦੇ ਗਿਆਨ ਨਾਲ ਪ੍ਰਭਾਵਿਤ ਹੋਏ ਅਤੇ ਫਿਰ ੯ ਸਾਲ ਦੀ ਉਮਰ ਵਿਚ ਉਸ ਵਕਤ ਦੇ ਰਿਵਾਜ ਅਨੁਸਾਰ ਜਦੋਂ ਪ੍ਰੋਹਿਤ ਹਰਦਿਆਲ ਨੇ ਉਨ੍ਹਾਂ ਨੂੰ ਜਨੇਊ ਪਾਉਣ ਲਈ ਬੁਲਾਇਆ ਤਾਂ ਉਨ੍ਹਾਂ ਦਾ ਇਹ ਉੱਤਰ ਸੀ ਕਿ ਉਹ ਦਇਆ, ਸੰਤੋਖ, ਜਤ ਅਤੇ ਸਤ ਦਾ ਜਨੇਊ ਹੀ ਪਾਉਣਗੇ। ਜਿਸ ਦਾ ਅਰਥ ਸੀ ਕਿ ਉਸ ਸਿਧਾਂਤ ਨੂੰ ਅਪਣਾਉਣਾ ਚਾਹੀਦਾ ਹੈ ਜਿਸ ਵਿਚ ਦਇਆ ਅਤੇ ਸੰਤੋਖ ਵਰਗੇ ਗੁਣਾਂ ਦਾ ਜ਼ਿੰਦਗੀ ਭਰ ਨਾਲ ਨਿਭਾਉਣ ਦਾ ਪ੍ਰਣ ਕਰਨ ਦਾ ਉਦੇਸ਼ ਹੋਣਾ ਚਾਹੀਦਾ ਹੈ। ਗੁਰੂ ਜੀ ਦੇ ਸ਼ਬਦ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥** (ਅੰਗ ੪੭੧)

ਇਹ ਉਸ ਆਯੂ ਵਿਚ ਇੰਨੀ ਉੱਚੀ ਰੂਹਾਨੀ ਬਿਰਤੀ ਦਾ ਪ੍ਰਤੀਕ ਸੀ, ਜਿਸ ਨੂੰ ਹਰ ਇਕ ਨੂੰ ਪ੍ਰਾਪਤ ਕਰਨ ਲਈ ਉਨ੍ਹਾਂ ਦਾ ਜ਼ਿੰਦਗੀ ਭਰ ਦਾ ਮੁੱਖ ਉਦੇਸ਼ ਰਿਹਾ ਅਤੇ ਦਇਆ ਭਾਵਨਾ ਜਿਹੜੀ ਸਭ ਧਰਮਾਂ ਦਾ ਆਧਾਰ ਹੈ ਉਸ ਦੀ ਸਿੱਖਿਆ ਦਿੱਤੀ। ਇਨਸਾਨੀਅਤ ਵਿਚ ਸਮਾਜਿਕ ਚੇਤਨਾ ਪੈਦਾ ਕਰਨ ਅਤੇ ਆਪਸ ਵਿਚ ਪ੍ਰਸਪਰ ਪਿਆਰ ਪੈਦਾ ਕਰਨ ਦੀ ਜਿੰਨੀ ਲੋੜ ਪਹਿਲਾਂ ਸੀ, ਉਨੀਂ ਹੁਣ ਹੈ ਅਤੇ ਉਹ ਹਮੇਸ਼ਾ ਰਹੇਗੀ, ਜਿਸ ਲਈ ਗੁਰੂ ਜੀ ਨੇ ਬਹੁਤ ਲੰਮਾ ਸਫ਼ਰ ਕੀਤਾ ਅਤੇ ਉਨ੍ਹਾਂ ਸਿਧਾਂਤਾਂ ਨੂੰ ਜੀਵਨ ਭਰ ਪ੍ਰਚਾਰਿਆ।

ਗੁਰੂ ਜੀ ਦੇ ਜੀਵਨ-ਕਾਲ ਦੇ ਸਮੇਂ ਭਾਰਤੀ ਉਪ ਮਹਾਂਦੀਪ ਮੁੱਖ ਤੌਰ 'ਤੇ ਦੋ ਧਾਰਮਿਕ ਵਰਗਾਂ ਹਿੰਦੂ ਅਤੇ ਮੁਸਲਿਮ ਵਿਚ ਵੰਡਿਆ ਹੋਇਆ ਸੀ। ਦੋਵੇਂ ਹੀ ਆਪਣੇ ਆਪਣੇ ਰਸਤੇ ਰਾਹੀਂ ਪਰਮਾਤਮਾ ਤਕ ਪਹੁੰਚਣ ਦੀ ਪ੍ਰੋੜਤਾ ਕਰਦੇ ਸਨ। ਉਸ ਸਮੇਂ ਗੁਰੂ ਜੀ ਨੇ ਪ੍ਰਚਾਰ ਕੀਤਾ ਕਿ ਕਰਤਾ ਤਾਂ ਇੱਕ ਹੈ, ਉਸ ਤਕ ਪਹੁੰਚਣ ਦੇ ਰਸਤੇ ਅਨੇਕਾਂ ਹਨ। ਨਾ ਕੋਈ ਹਿੰਦੂ ਹੈ, ਨਾ ਕੋਈ ਮੁਸਲਮਾਨ ਹੈ ਸਭ ਪਰਮਾਤਮਾ ਦੀ ਉਪਜ ਹਨ।

ਦੁਨੀਆ ਭਰ ਵਿਚ ਇਸ ਪ੍ਰਚਾਰ ਨੂੰ ਫ਼ੈਲਾਉਣ ਲਈ ਗੁਰੂ ਜੀ ਪੂਰਬ, ਪੱਛਮ, ਉੱਤਰ ਅਤੇ ਦੱਖਣ ਚਾਰੇ ਦਿਸ਼ਾਵਾਂ ਵਿਚ ਗਏ। ਉਹ ਪੂਰਬ ਵਿਚ ਬੰਗਲਾਦੇਸ਼, ਪੱਛਮ ਵਿਚ ਸਾਉਦੀ ਅਰਬੀਆ, ਉੱਤਰ ਵਿਚ ਤਿੱਬਤ ਅਤੇ ਦੱਖਣ ਵਿਚ ਸ੍ਰੀ ਲੰਕਾ ਵਿਖੇ ਗਏ। ਇਨ੍ਹਾਂ ਸਭ ਚਾਰਾਂ ਦਿਸ਼ਾਵਾਂ ਵਿਚ ਵੱਖ-ਵੱਖ ਧਾਰਮਿਕ ਵਿਸ਼ਵਾਸ ਸਨ, ਪਰ ਗੁਰੂ ਜੀ ਨੇ ਉਹ ਸਦੀਵੀ ਸੰਦੇਸ਼ ਕਿ ਕਰਤਾ ਤਾਂ ਇੱਕ ਹੀ ਹੈ, ਉਸ ਦਾ ਹੀ ਪ੍ਰਚਾਰ ਕੀਤਾ ਅਤੇ ਇਨ੍ਹਾਂ ਸਭ ਥਾਵਾਂ 'ਤੇ ਆਮ ਲੋਕਾਈ ਦੇ ਸੰਦੇਹ ਦੂਰ ਕੀਤੇ ਅਤੇ ਪ੍ਰਸਪਰ ਭਰਾਤਰੀ ਭਾਵ ਪੈਦਾ ਕਰਨ ਦੀ ਵੱਡੀ ਕੋਸ਼ਿਸ਼ ਕੀਤੀ। ਮੁਲਤਾਨ ਦੀ ਜਗ੍ਹਾ 'ਤੇ ਕਾਫ਼ੀ ਜ਼ਿਆਦਾ ਰੂਹਾਨੀ ਸੰਤ ਰਹਿੰਦੇ ਸਨ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਉਸ ਸ਼ਹਿਰ ਵਿਚ ਗਏ ਤਾਂ ਉਨ੍ਹਾਂ ਨੂੰ ਸੰਕੇਤ ਦੇ ਉਦੇਸ਼ ਨਾਲ ਦੁਧ ਦਾ ਭਰਿਆ ਹੋਇਆ ਕਟੋਰਾ ਦਿੱਤਾ ਗਿਆ, ਜਿਸ ਦਾ ਅਰਥ ਸੀ ਕਿ ਇਸ ਸ਼ਹਿਰ ਵਿਚ ਪਹਿਲਾਂ ਹੀ ਕਾਫ਼ੀ ਰੂਹਾਨੀ ਸੰਤ ਹਨ। ਪਰ ਗੁਰੂ ਜੀ ਨੇ ਦੁਧ ਦੇ ਕਟੋਰੇ ਵਿਚ ਇਕ ਫੁੱਲ ਰੱਖ ਦਿੱਤਾ, ਜਿਸ ਦੀ ਖੁਸ਼ਬੂ ਫੈਲਣ ਲੱਗ ਪਈ, ਜਿਸ ਦਾ ਅਰਥ ਸੀ ਕਿ ਭਾਵੇਂ ਇੱਥੇ ਕਈ ਰੂਹਾਨੀ ਸੰਤ ਹਨ, ਪਰ ਉਨ੍ਹਾਂ ਦਾ ਪ੍ਰਚਾਰ ਉਨ੍ਹਾਂ ਦੇ ਪ੍ਰਚਾਰ ਦੇ ਨਾਲ-ਨਾਲ ਉਨ੍ਹਾਂ ਦੇ ਗਿਆਨ ਵਿਚ ਹੋਰ ਵਾਧਾ ਕਰੇਗਾ।

ਉਸ ਵਕਤ ਸਮਾਜ ਵਿਚ ਇਸਤਰੀ ਦੀ ਸਥਿਤੀ ਬਹੁਤ ਕਮਜ਼ੋਰ ਸੀ। ਇਸਤਰੀ ਨਾਲ ਬਹੁਤ ਮਾੜਾ ਵਿਵਹਾਰ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਨਾ ਹੱਕ ਸਨ ਤੇ ਨਾ ਦਰਜਾ ਦਿੱਤਾ ਜਾਂਦਾ ਸੀ। ਗੁਰੂ ਜੀ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਅਤੇ ਇਸਤਰੀ ਦੀ ਸਥਿਤੀ ਸੁਧਾਰਨ ਲਈ ਪ੍ਰਚਾਰ ਕੀਤਾ ਅਤੇ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਪਰਮਾਤਮਾ ਦੀ ਭਗਤੀ ਕਰਨ ਦੀ ਪ੍ਰੋਤਸ਼ਾਹਨਾ ਕੀਤੀ। ਗੁਰੂ ਜੀ ਅਨੁਸਾਰ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ਅਤੇ ਉਨ੍ਹਾਂ ਦੇ ਇਹ ਵਿਚਾਰ ਦੁਨੀਆ ਭਰ ਵਿਚ ਸਦੀਵੀ ਰਾਹ ਵਿਖਾਉਣ ਵਾਲੇ ਹਨ ਅਤੇ ਇਨ੍ਹਾਂ ਵਿਚਾਰਾਂ ਨੇ ਦੁਨੀਆ ਭਰ ਦੀ ਸੋਚ ਨੂੰ ਪ੍ਰਭਾਵਿਤ ਕੀਤਾ ਹੈ।

ਗੁਰੂ ਜੀ ਨੇ ਮਨੁੱਖੀ ਅਧਿਕਾਰਾਂ ਲਈ ਪ੍ਰਚਾਰ ਵੀ ਕੀਤਾ ਅਤੇ ਅਮਲ ਵਿਚ ਲਿਆਉਣ ਦੇ ਯਤਨ ਕੀਤੇ। ਰੁਹੇਲ ਖੰਡ ਵਿਚ ਜਿੱਥੇ ਗ਼ਰੀਬ ਇਸਤਰੀਆਂ, ਮਰਦਾਂ, ਜਵਾਨ ਲੜਕੇ, ਲੜਕੀਆਂ ਦੀ ਗ਼ੁਲਾਮਾਂ ਦੀ ਮੰਡੀ ਲੱਗਦੀ ਸੀ, ਉੱਥੇ ਆਪ ਪਹੁੰਚ ਕੇ ਉੱਥੋਂ ਦੇ ਗ਼ੁਲਾਮਾਂ ਦੇ ਵਪਾਰੀ ਨੂੰ ਇਸ ਲਈ ਪ੍ਰਭਾਵਿਤ ਕੀਤਾ ਕਿ ਉਸ ਵੱਲੋਂ ਕਿੰਨਾ ਜੁਲਮ ਕੀਤਾ ਜਾ ਰਿਹਾ ਹੈ ਅਤੇ ਉਸ ਵਪਾਰੀ ਨੇ ਗੁਰੂ ਜੀ ਤੋਂ ਮੁਆਫ਼ੀ ਮੰਗੀ।

ਉਸ ਵਕਤ ਆਮ ਵਿਅਕਤੀ ਦਾ ਸ਼ੋਸ਼ਣ ਹੋ ਰਿਹਾ ਸੀ, ਅਮੀਰ ਲੋਕ ਗ਼ਰੀਬਾਂ ਦਾ ਸ਼ੋਸ਼ਣ ਕਰ ਰਹੇ ਸਨ। ਇਸ ਸਬੰਧੀ ਚੇਤਨਾ ਪੈਦਾ ਕਰਨ ਲਈ ਗੁਰੂ ਜੀ ਨੇ ਪ੍ਰਚਾਰ ਕੀਤਾ। ਇਕ ਅਮੀਰ ਵਿਅਕਤੀ ਮਲਕ ਭਾਗੋ ਵੱਲੋਂ ਭੋਜਨ 'ਤੇ ਬੁਲਾਏ ਜਾਣ 'ਤੇ,ਉਸ ਦੇ ਘਰ ਨਾ ਜਾਣਾ ਅਤੇ ਉਨ੍ਹਾਂ ਦੇ ਮੁਕਾਬਲੇ ਭਾਈ ਲਾਲੋ, ਜੋ ਇਕ ਕਿਰਤੀ ਸੀ ਉਸ ਦੇ ਘਰ ਜਾ ਕੇ ਪਰਸ਼ਾਦਾ ਛਕਣਾ ਇਸ ਗੱਲ ਦਾ ਸੰਕੇਤ ਸੀ ਕਿ ਉਹ ਸ਼ੋਸ਼ਣ ਨੂੰ ਪ੍ਰਵਾਨ ਨਹੀਂ ਕਰ ਸਕਦੇ। ਉਨ੍ਹਾਂ ਵੱਲੋਂ ਮਲਕ ਭਾਗੋ ਦਾ ਸੱਦਾ ਇਸ ਕਰਕੇ ਅਪ੍ਰਵਾਨ ਕੀਤਾ ਕਿ ਉਸ ਵਿੱਚੋਂ ਉਨ੍ਹਾਂ ਨੂੰ ਗ਼ਰੀਬਾਂ ਦਾ ਲਹੂ ਚੂਸ ਕੇ ਆਪਣੇ ਧਨ ਵਿਚ ਵਾਧਾ ਕੀਤਾ ਨਜ਼ਰ ਆਉਂਦਾ ਸੀ, ਜਦੋਂ ਕਿ ਭਾਈ ਲਾਲੋ ਦੇ ਭੋਜਨ ਵਿਚ ਹੱਥੀਂ ਕੀਤੀ ਕਿਰਤ ਦੇ ਦੁਧ ਦੀ ਖੁਸ਼ਬੋ ਆਉਂਦੀ ਹੈ। ਉਨ੍ਹਾਂ ਅਨੁਸਾਰ :

**ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ॥** (ਅੰਗ,੧੪੧)

ਕਿਸੇ ਲਈ ਵੀ, ਕਿਸੇ ਦਾ ਹੱਕ ਮਾਰ ਕੇ ਧਨ ਇਕੱਠਾ ਕਰਨਾ ਇਕ ਵੱਡੀ ਬੁਰਾਈ ਹੈ, ਜਿਸ ਦੇ ਖ਼ਿਲਾਫ ਗੁਰੂ ਜੀ ਨੇ ਪ੍ਰਚਾਰ ਕੀਤਾ ਜੋ ਇਕ ਸਦੀਵੀ ਗੁਣ ਹੈ ਜਿਹੜਾ ਹਰ ਯੁੱਗ ਵਿਚ ਲੋੜੀਂਦਾ ਹੈ।

ਗੁਰੂ ਜੀ ਨੇ ਹਰ ਇਕ ਨੂੰ ਆਤਮਿਕ ਗਿਆਨ ਦੀ ਰੋਸ਼ਨੀ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ, ਜਿਹੜੀ ਗੁਰੂ ਦੀ ਯਾਦ ਵਿੱਚੋਂ ਮਿਲਦੀ ਹੈ ਜੋ ਸੱਚੇ ਗਿਆਨ ਦੀ ਸ਼੍ਰੇਣੀ ਨਾਲ ਸੰਬੰਧਿਤ ਹੈ ਅਤੇ ਉਹ ਕਿਵੇਂ ਹੋਵੇ ਇਸ ਸਬੰਧੀ ਗੁਰੂ ਜੀ ਨੇ ਫੁਰਮਾਇਆ: **ਕਿਵ ਸਚਿਆਰਾ ਹੋਈਐ, ਕਿਵ ਕੂੜੇ ਤੁਟੇ ਪਾਲਿ ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੧) ਜਾਂ ਉਸ ਕੂੜ ਜਾਂ ਝੂਠ ਦਾ ਹਨੇਰਾ ਕਿਸ ਤਰ੍ਹਾਂ ਖਤਮ ਹੋਵੇ ਅਤੇ ਇਸ ਦਾ ਉੱਤਰ ਜਾਂ ਇਸ ਸਮੱਸਿਆ ਦਾ ਹੱਲ ਗੁਰੂ ਜੀ ਨੇ ਇਹ ਦਿੱਤਾ:

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥** (ਅੰਗ, ੧)

ਜਾਂ ਹੁਕਮ ਦੇ ਅਨੁਸਾਰ ਚੱਲਣਾ ਅਤੇ ਉਸ ਸੱਚੇ ਦੇ ਹੁਕਮ ਦੀ ਪਾਲਣਾ ਕਰਨੀ ਹੀ ਇਸ ਦਾ ਹੱਲ ਹੈ।

ਬਾਬਰ ਅਫ਼ਗ਼ਾਨਿਸਤਾਨ ਦਾ ਬਾਦਸ਼ਾਹ ਸੀ, ਜਦੋਂ ਉਸ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ ਤਾਂ ਉਸ ਵਕਤ ਗੁਰੂ ਜੀ ਨੇ ਉਸ ਜ਼ਾਲਮ ਹੁਕਮਰਾਨ ਨੂੰ ਉਸ ਦੇ ਜ਼ੁਲਮ ਵਿਰੁੱਧ ਚੁਣੌਤੀ ਦਿੱਤੀ, ਭਾਵੇਂ ਕਿ ਉਨ੍ਹਾਂ ਨੂੰ ਜੇਲ੍ਹ ਵੀ ਭੁਗਤਨੀ ਪਈ। ਇਸ ਸੰਬੰਧੀ ਗੁਰੂ ਜੀ ਦਾ ਫੁਰਮਾਨ ਹੈ:

**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥** (ਅੰਗ, ੭੨੨)

ਇਸ ਨਾਲ ਉਨ੍ਹਾਂ ਨੇ ਉਸ ਵਕਤ ਦੇ ਹਾਕਮਾਂ ਦੇ ਖ਼ਿਲਾਫ਼ ਰੋਸ ਦਾ ਪ੍ਰਗਟਾਵਾ ਕੀਤਾ ਅਤੇ ਇਹੋ ਜਿਹਾ ਸਮਾਜ ਸਿਰਜਣ ਦੀ ਕੋਸ਼ਿਸ਼ ਕੀਤੀ ਜਿਸ ਵਿਚ ਆਰਥਿਕ, ਸਮਾਜਿਕ, ਬਰਾਬਰੀ, ਇਨਸਾਫ਼, ਮਨੁੱਖੀ ਅਧਿਕਾਰ ਅਤੇ ਕਿਰਤ ਦੀ ਕਦਰ ਕਰਨ ਵਾਲਾ ਸਮਾਜ ਬਣੇ। ਗੁਰੂ ਜੀ ਨੇ ਇਹੋ ਜਿਹੇ ਸਮਾਜ ਵਿਚ ਗ਼ਰੀਬ, ਅਮੀਰ, ਉੱਚੇ ਨੀਵੇਂ,

ਹਾਕਮ, ਪਰਜਾ ਸਭ ਲਈ ਸ਼ੁਭ ਅਮਲ ਕਰਨ ਦੀ ਪ੍ਰੇਰਨਾ ਕੀਤੀ। ਸ਼ੁਭ ਕਰਮ ਉਹ ਹਨ— ਜਿਸ ਵਿਚ ਕਥਨੀ ਅਤੇ ਕਰਨੀ ਇੱਕ ਹੋਏ ਸੱਚ-ਅਚਾਰ, ਸੱਚਾ ਹਿੰਦੂ ਅਤੇ ਸੱਚਾ ਮੁਸਲਮਾਨ ਬਣਨ ਲਈ ਸੱਚਾ ਆਚਰਨ ਹੀ ਪਹਿਲਾ ਫ਼ਰਜ਼ ਹੈ। ਗੁਰੂ ਜੀ ਨੇ ਆਪ ਸੱਚੇ ਵਿਵਹਾਰ ਲਈ ਸੱਚੇ ਸੌਦੇ ਅਤੇ ਮੋਦੀ ਖਾਨੇ ਵਿਚ ਆਪਣਾ ਵਿਵਹਾਰ ਦਰਸਾਇਆ ਅਤੇ ਸੱਚੇ ਆਚਰਨ ਦੇ ਪ੍ਰਚਾਰ ਲਈ ਦਿਨ, ਰਾਤ, ਪਹਾੜਾਂ, ਜੰਗਲਾਂ, ਬੀਆਬਾਨਾਂ, ਡਾਕੂਆਂ, ਬਾਦਸ਼ਾਹਾਂ ਦਾ ਖ਼ੌਫ਼ ਨਹੀਂ ਵੇਖਿਆ, ਨਾ ਪੀਰਾਂ ਦਾ ਲਿਹਾਜ਼ ਕੀਤਾ ਨਾ ਮੁਰੀਦਾਂ ਦੀ ਤਰਫ਼ਦਾਰੀ ਕੀਤੀ।

ਹੱਥੀਂ ਕਿਰਤ ਕਰਨ ਦੀ ਮਹਾਨਤਾ ਨੂੰ ਨਾ ਸਿਰਫ਼ ਪ੍ਰਚਾਰਿਆ, ਬਲਕਿ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆਪਣੇ ਹੱਥੀਂ ਖੇਤੀ ਕਰ ਕੇ ਜਨਤਾ ਦੇ ਸਾਹਮਣੇ ਉਦਾਹਰਨ ਪੇਸ਼ ਕੀਤੀ। ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣ ਦੇ ਮੁੱਢਲੇ ਸਿਧਾਂਤਾਂ ਨੂੰ ਸਾਹਮਣੇ ਰੱਖ ਕੇ, ਉਹ ਸਦੀਵੀ ਸਿਧਾਂਤ ਜਿਹੜਾ ਹਰ ਜਗ੍ਹਾ ਅਤੇ ਹਰ ਵਕਤ ਮਹੱਤਤਾ ਰੱਖਦਾ ਹੈ, ਉਸ ਦਾ ਆਪਣੀ ਸਾਰੀ ਆਯੂ ਵਿਚ ਪ੍ਰਚਾਰ ਕੀਤਾ।

ਅਖੀਰ ਵਿਚ ਗੁਰੂ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਵਜੋਂ ਗੁਰਿਆਈ ਦੇ ਯੋਗ ਸਮਝ ਕੇ ਆਪਣਾ ਅੰਗ ਬਣਾ ਲਿਆ ਅਤੇ ਇਸ ਤੋਂ ਪਹਿਲਾਂ ਗੁਰੂ ਜੀ ਨੇ ਭਾਈ ਲਹਿਣਾ ਜੀ ਦੀਆਂ ਪ੍ਰੀਖਿਆਵਾਂ ਕੀਤੀਆਂ ਅਤੇ ਭਾਈ ਲਹਿਣਾ ਜੀ ਹਰੇਕ ਪ੍ਰੀਖਿਆ ਵਿਚ ਪੂਰੇ ਉਤਰੇ ਅਤੇ ਉਨ੍ਹਾਂ ਨੂੰ ਯੋਗ ਵਾਰਸ ਸਮਝ ਕੇ ਨਾਨਕ ਨਿਰਮਲ ਪੰਥ ਦਾ ਉਤਰਾਧਿਕਾਰੀ ਨਿਯੁਕਤ ਕੀਤਾ ਗਿਆ।

# ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ

-ਸ. ਨਵਜੋਤ ਸਿੰਘ



ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਂ ਲਹਿਣਾ ਜੀ ਸੀ। ਆਪ ਦਾ ਜਨਮ ਮਾਤਾ ਸਭਰਾਈ ਜੀ ਅਤੇ ਭਾਈ ਫੇਰੂ ਮੱਲ ਜੀ ਦੇ ਘਰ ੫ ਵੈਸਾਖ ਸੰਮਤ ੧੫੬੧, ਮੁਤਾਬਿਕ ੩੧ ਮਾਰਚ ੧੫੦੪ ਈਸਵੀ ਨੂੰ ਪਿੰਡ ਮੱਤੇ ਦੀ ਸਰਾਂ, ਜ਼ਿਲ੍ਹਾ ਮੁਕਤਸਰ ਵਿਖੇ ਹੋਇਆ। ਭਾਈ ਫੇਰੂ ਮੱਲ ਜੀ ਵੈਸ਼ਨੂੰ ਦੇਵੀ ਦੇ ਭਗਤ ਸਨ ਤੇ ਹਰ ਸਾਲ ਸੰਗ ਲੈ ਕੇ ਜੰਮੂ ਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ। ਭਾਈ ਲਹਿਣਾ ਜੀ ਦਾ ਵਿਆਹ ਸੰਘਰ ਨਿਵਾਸੀ ਦੇਵੀ ਚੰਦ

ਦੀ ਸਪੁੱਤਰੀ ਮਾਤਾ ਖੀਵੀ ਜੀ ਨਾਲ ੧੫੧੯ ਈਸਵੀ ਨੂੰ ਹੋਇਆ। ਆਪ ਦੇ ਘਰ ਦੋ ਸਪੁੱਤਰ ਬਾਬਾ ਦਾਸੂ ਜੀ ਤੇ ਬਾਬਾ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਨੋਖੀ ਜੀ ਤੇ ਬੀਬੀ ਅਮਰੋ ਜੀ ਨੇ ਜਨਮ ਲਿਆ।

ਤਵਾਰੀਖ਼ੀ ਵੇਰਵਿਆ ਮੁਤਾਬਿਕ ਭਾਈ ਫੇਰੂ ਮੱਲ ਜੀ ਰਾਜ ਵਿਚ ਫੈਲੀ ਰਾਜਨੀਤਿਕ ਅਸਥਿਰਤਾ ਕਾਰਨ ਪਹਿਲਾਂ ਹਰੀਕੇ ਅਤੇ ਉਪਰੰਤ ਖਡੂਰ ਸਾਹਿਬ ਆ ਕੇ ਸ਼ਾਹੂਕਾਰਾ ਕਰਨ ਲੱਗੇ। ਇੱਥੇ ਹੀ ਆਪ ੧੫੨੬ ਈਸਵੀ ਨੂੰ ਅਕਾਲ ਚਲਾਣਾ ਕਰ ਗਏ। ਭਾਈ ਲਹਿਣਾ ਜੀ ਪਿਤਾ ਜੀ ਦੇ ਅਕਾਲ ਚਲਾਣੇ ਪਿੱਛੋਂ ਹਰ ਸਾਲ ਸੰਗ ਦੇ ਮੁਖੀ ਬਣ ਕੇ ਦੇਵੀ ਦੇ ਦਰਸ਼ਨ ਨੂੰ ਜਾਂਦੇ ਪਰ ਉਨ੍ਹਾਂ ਦੇ ਮਨ ਨੂੰ ਸ਼ਾਂਤੀ ਨਾ ਮਿਲਦੀ।

ਜਗਿਆਸਾ ਬੜੀ ਪਰ ਸ਼ਾਂਤਿ ਨਾ ਆਵੈ।
ਸਾਧ ਅਤੀਤ ਸੁਨੈ ਤਿਥੈ ਜਾਵੈ।

ਇਕ ਦਿਨ ਅੰਮ੍ਰਿ ਵੇਲੇ ਭਾਈ ਜੋਧ ਜੀ, ਜੋ ਗੁਰੂ ਨਾਨਕ ਦੇਵ ਜੀ ਦਾ ਸਿੱਖ ਸੀ, ਗੁਰੂ ਸਾਹਿਬ ਦਾ 'ਆਸਾ ਕੀ ਵਾਰ' ਵਿਚ ਉਚਾਰਿਆ ਸ਼ਬਦ : 'ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬ ਸਦਾ ਸਮਾਲੀਐ' ਪੜ੍ਹ ਰਹੇ ਸਨ। ਸੱਚੇ ਮਾਲਕ ਨਾਲ ਪ੍ਰੀਤ ਅਤੇ ਬ੍ਰਹਿਮੰਡ ਦੇ ਭਲੇ ਦੀ ਲੋਚਾ ਤੇ ਸ਼ੁਭ ਕਰਮ ਕਰਨ ਦੀ ਪ੍ਰੇਰਨਾ ਦਿੰਦੀ ਇਹ ਬਾਣੀ ਅੰਤਹਕਰਣ 'ਚ ਇੰਨੀ ਡੂੰਘੀ ਲਹਿ ਗਈ ਕਿ ਆਪ ਨੇ ਭਾਈ ਜੋਧ ਜੀ ਕੋਲੋਂ ਗੁਰੂ ਨਾਨਕ ਦੇਵ ਜੀ ਬਾਰੇ ਜਾਣ ਕੇ ਗੁਰੂ ਸਾਹਿਬ ਨੂੰ ਮਿਲਣ ਦੀ ਇੱਛਾ ਜਤਾਈ।

ਭਾਈ ਲਹਿਣਾ ਜੀ ਨੇ ੧੫੩੯ ਈਸਵੀ ਨੂੰ ਜੰਮੂ ਦੇਵੀ ਦੇ ਦਰਸ਼ਨਾਂ ਨੂੰ ਜਾਂਦਿਆਂ ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ। ਇਤਿਹਾਸ ਗਵਾਈ ਭਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਆਪ ਨੂੰ ਅੱਗੋਂ ਲੈਣ ਲਈ ਖੜ੍ਹੇ ਸਨ। ਭਾਈ ਲਹਿਣਾ ਜੀ ਦੇ ਹਿਰਦੇ ਵਿਚ ਸੱਚ ਦੀ ਖੋਜ ਲਈ ਚਿਰਾਂ ਤੋਂ ਉਪਜੀ ਭਟਕਣ ਖ਼ਤਮ ਹੋ ਗਈ। ਗੁਰੂ ਨਾਨਕ ਦੇਵ ਜੀ ਦੇ ਸ਼ਬਦ ਦੁਆਰਾ ਐਸੀ ਪ੍ਰੀਤ ਪਈ ਕਿ ਦੇਵੀ ਪੂਜਾ ਵਾਲੇ ਸਾਰੇ ਕਾਰਜ ਤਿਆਗ ਦਿੱਤੇ। ਸਵੇਰੇ-ਸ਼ਾਮ ਗੁਰਬਾਣੀ ਕੀਰਤਨ ਤੇ ਗੁਰ ਉਪਦੇਸ਼ ਸੁਣਦੇ ਅਤੇ ਹਰ ਸਮੇਂ ਸੇਵਾ ਲਈ ਖਿੜੇ ਮੱਥੇ ਤਿਆਰ ਰਹਿੰਦੇ।

ਭਾਈ ਲਹਿਣਾ ਜੀ ਦੀ ਸੇਵਾ-ਭਗਤੀ ਤੇ ਹਰ ਸਮੇਂ ਹੁਕਮ ਪਾਲਣ ਦੀ ਤਤਪਰਤਾ ਦੇਖ ਕੇ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਭਾਈ ਲਹਿਣਾ ਜੀ ਹੀ ਗੱਦੀ ਲਈ ਯੋਗ ਹਨ। ਗੁਰੂ ਨਾਨਕ ਦੇਵ ਜੀ ਨੇ ੧੫੩੯ ਈਸਵੀ ਨੂੰ ਗੁਰਗੱਦੀ ਭਾਈ ਲਹਿਣਾ ਜੀ ਨੂੰ ਸੌਂਪ ਦਿੱਤੀ ਤੇ ਉਨ੍ਹਾਂ ਦਾ ਨਾਂ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਰੱਖਿਆ। ਗੁਰਗੱਦੀ ਤੋਂ ਵੰਚਿਤ ਰਹਿ ਜਾਣ ਕਾਰਨ ਗੁਰੂ-ਪੁੱਤਰਾਂ ਦੇ ਰੋਸ ਅਤੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਗਏ। ਭਾਈ ਗੁਰਦਾਸ ਜੀ ਲਿਖਦੇ ਹਨ :

**ਦਿੱਤਾ ਛੋੜਿ ਕਰਤਾਰਪੁਰ ਬੈਠਿ ਖਡੂਰੇ ਜੋਤਿ ਜਗਾਈ।**

ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਦਾ ਕੇਂਦਰ ਬਣਾਉਂਦਿਆ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਈ ਜੀਵਨ-ਜਾਚ, ਧਰਮ-ਦਰਸ਼ਨ ਅਤੇ ਧਾਰਮਿਕ ਸੰਸਥਾਵਾਂ ਨੂੰ ਹੋਰ ਮਜ਼ਬੂਤ ਕੀਤਾ। ਗੁਰੂ ਜੀ ਵੱਲੋਂ ਸਿੱਖੀ ਦੇ ਬੂਟੇ ਨੂੰ ਪ੍ਰਫੁੱਲਤ ਕਰਨ ਲਈ ਖਡੂਰ ਸਾਹਿਬ ਵਿਖੇ ਗੁਰਸਿੱਖੀ ਦਾ ਪ੍ਰਚਾਰ ਕਰਦਿਆਂ ਅਨੇਕਾਂ ਕਾਰਜ ਕੀਤੇ, ਜਿਵੇਂ ਲੰਗਰ ਸੰਸਥਾ ਦਾ ਵਿਕਾਸ, ਮੱਲ ਅਖਾੜੇ ਦੀ ਸਿਰਜਣਾ, ਜਨਮ ਸਾਖੀ ਲਿਖਵਾਉਣਾ, ਗੁਰਮੁਖੀ ਲਿੱਪੀ ਨੂੰ ਤਰਤੀਬ ਦੇਣਾ ਆਦਿ। ਗੁਰੂ ਅੰਗਦ ਦੇਵ ਜੀ ਨੇ ਜਿੱਥੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਵੱਖ-ਵੱਖ ਜਗ੍ਹਾ ਤੋਂ ਮੰਗਵਾ ਕੇ ਇਕ ਜਗ੍ਹਾ ਇਕੱਠਾ ਕੀਤਾ, ਉੱਥੇ ਆਪ ਜੀ ਨੇ ਵੀ ਇਲਾਹੀ ਬਾਣੀ ਦੀ ਰਚਨਾ ਕੀਤੀ। ਆਪ ਦੇ ੬੩ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸੰਨ ੧੫੫੨ ਵਿਚ ਆਪ ਗੁਰਗੱਦੀ ਆਪਣੇ ਸੇਵਕ ਬਾਬਾ ਅਮਰਦਾਸ ਜੀ ਨੂੰ ਸੌਂਪ ਕੇ ਜੋਤੀ ਜੋਤਿ ਸਮਾ ਗਏ।

ਗੁਰੂ ਸਾਹਿਬ ਦੀ ਚਰਨਛੋਹ ਪ੍ਰਾਪਤ ਪਵਿੱਤਰ ਧਰਤੀ ਖਡੂਰ ਸਾਹਿਬ ਵਿਖੇ ਹਰ ਸਾਲ ਕਾਰ ਸੇਵਾ ਖਡੂਰ ਸਾਹਿਬ, ਨਿਹੰਗ ਜਥੇਬੰਦੀ (ਤਰਨਾ ਦਲ ਬਾਬਾ ਬਕਾਲਾ) ਅਤੇ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਅੰਗਦ ਦੇਵ ਜੀ ਦਾ ਗੁਰਗੱਦੀ ਦਿਵਸ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।

ਇਸ ਦਿਵਸ ਨੂੰ ਮਨਾਉਂਦਿਆਂ ਨਿਹੰਗ ਜਥੇਬੰਦੀਆਂ ਖ਼ਾਲਸਾ ਪੰਥ ਦੀ ਸ਼ਾਨ ਦਾ ਪ੍ਰਤੀਕ ਮਹੱਲਾ ਕੱਢਦੀਆਂ ਹਨ, ਉਪਰੰਤ ਖ਼ਾਲਸਾਈ ਜੌਹਰ ਦਿਖਾਉਂਦਿਆਂ ਨੇਜ਼ੇਬਾਜੀ, ਘੋੜ ਸਵਾਰੀ ਆਦਿ ਖ਼ਾਲਸਾਈ ਖੇਡਾਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਇਸ ਮੌਕੇ ਸਜਾਏ ਜਾਂਦੇ ਦੀਵਾਨਾਂ ਵਿਚ ਢਾਡੀ ਦਰਬਾਰ, ਕਵੀ ਦਰਬਾਰ ਤੇ ਕੀਰਤਨ ਦਰਬਾਰ ਆਯੋਜਿਤ ਕੀਤੇ ਜਾਂਦੇ ਹਨ, ਜਿਸ ਵਿਚ ਦੇਸ਼-ਵਿਦੇਸ਼ ਤੋਂ ਸੰਗਤ ਹੁਮ-ਹੁਮਾ ਕੇ ਹਾਜ਼ਰੀ ਭਰਦੀ ਹੈ।

# ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਕੀਤੇ ਸਮਾਜਿਕ ਪਰਿਵਰਤਨਾਂ ਦੀ ਬਹੁਪੱਖੀ ਪ੍ਰਸੰਗਿਕਤਾ

-ਡਾ. ਰਾਜਿੰਦਰ ਸਿੰਘ ਕੁਰਾਲੀ



ਸ੍ਰੀ ਗੁਰੂ ਅਮਰਦਾਸ ਜੀ ਕੋਲ ਸੇਵਾ ਦਾ ਅਣਥੱਕ ਜਜ਼ਬਾ ਅਤੇ ਸਿਮਰਨ ਦਾ ਸਦੀਵੀ ਅਨੰਦ ਹੈ। ਸੰਸਾਰ ਅਤੇ ਸਮਾਜ ਨੂੰ ਸੁੰਦਰ ਬਣਾਉਣ ਅਤੇ ਰਿਸ਼ਤਿਆਂ ਨੂੰ ਫ਼ਰਜ਼ਾਂ ਦੀ ਧਰਾਤਲ 'ਤੇ ਪ੍ਰਭਾਸ਼ਿਤ ਕਰਨ ਦੀ ਸਮਰੱਥਾ ਹੈ। ਸਮਾਜ ਨੂੰ ਕੁਰੀਤੀਆਂ ਤੋਂ ਮੁਕਤ ਕਰਨ ਦੀ ਤੜਫ਼ ਅਤੇ ਇਸਤਰੀ ਦੇ ਉਥਾਨ ਲਈ ਵਿਆਪਕ ਸਮਾਜਿਕ ਪਰਿਵਰਤਨ ਕਰਨ ਦਾ ਮਾਣ ਹੈ।

ਇਤਿਹਾਸ ਦੇ ਗੌਰਵਸ਼ਾਲੀ ਪੰਨਿਆਂ 'ਤੇ ਆਪ ਜੀ ਨੇ ਇਸਤਰੀ ਨੂੰ ਅਬਲਾ ਦੀ ਥਾਂ ਸਮਰੱਥ ਸ਼ਕਤੀ ਦੇ ਰੂਪ ਵਿਚ ਸਥਾਪਿਤ ਕਰ ਕੇ ਉਸ ਦੇ ਸਨਮਾਨ ਦੀ ਕਹਾਣੀ ਸੁਨਹਿਰੀ ਅੱਖਰਾਂ ਵਿਚ ਲਿਖੀ। ਇਸਤਰੀ ਸ਼ਕਤੀ ਅਤੇ ਸਮਰੱਥਾ ਦਾ ਖ਼ੂਬਸੂਰਤ ਬਿੰਬ ਸ੍ਰੀ ਗੁਰੂ ਅਮਰਦਾਸ ਜੀ ਦੀ ਪੁੱਤਰੀ ਬੀਬੀ ਭਾਨੀ ਜੀ ਵਿਚ ਵਿਆਪਕ ਹੈ। ਬੀਬੀ ਭਾਨੀ ਜੀ ਨੂੰ ਗੁਰੂ ਬੇਟੀ, ਗੁਰੂ ਪਤਨੀ, ਗੁਰੂ ਮਾਂ, ਗੁਰੂ ਦਾਦੀ ਹੋਣ ਦਾ ਮਾਣ ਹਾਸਲ ਹੈ। ਸ਼ਹੀਦਾਂ ਦੇ ਸਿਰਤਾਜ ਅਤੇ ਮਨੁੱਖਤਾ ਲਈ ਸਰਬਸਾਂਝੀ ਗੁਰਬਾਣੀ ਦੇ ਚਾਨਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਹੋਣ ਦਾ ਨਸੀਬ ਹੈ। ਆਪਣੇ ਪਤੀ ਸ੍ਰੀ ਗੁਰੂ ਰਾਮਦਾਸ ਜੀ ਨਾਲ਼ ਮੋਢੇ ਨਾਲ਼ ਮੋਢਾ ਜੋੜ ਕੇ ਬੀਬੀ ਭਾਨੀ ਜੀ ਨੇ ਮਾਨਵਤਾ ਦੀ ਮਹਾਨ ਸੇਵਾ ਕੀਤੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਨਿਰੇ ਆਦਰਸ਼ਾਂ ਦਾ ਪ੍ਰਚਾਰ ਨਹੀਂ ਕੀਤਾ ਸਗੋਂ ਗੁਰੂ ਜੀ ਦੇ ਜੀਵਨ ਵਿੱਚੋਂ ਜ਼ਿੰਦਗੀ ਦੇ ਉੱਚੇ-ਸੁੱਚੇ ਮਿਆਰਾਂ ਦੀ ਕੀਰਤੀ ਸ਼ੁਭ ਅਮਲਾਂ ਦਾ ਰੂਪ ਧਾਰ ਕੇ ਆਪਣੀ ਕਹਾਣੀ ਕਹਿ ਰਹੀ ਹੈ। ਗੁਰੂ ਜੀ ਨੇ ਧਨ ਦੀ ਚਮਕ, ਖ਼ਾਨਦਾਨੀ ਮਾਣ ਜਾਂ ਰੁਤਬਿਆਂ ਦੀ ਥਾਂ ਸ਼ਖ਼ਸੀਅਤ ਦੀ ਅਮੀਰੀ ਨੂੰ ਪਰਖਿਆ। ਮਨੁੱਖਤਾ ਲਈ ਸੇਵਾ ਦੀ ਭਾਵਨਾ ਨਾਲ਼ ਭਰੇ ਗ਼ਰੀਬ ਪਰਵਾਰ ਨਾਲ ਸੰਬੰਧਿਤ ਭਾਈ ਜੇਠਾ ਜੀ ਨਾਲ਼ ਆਪਣੀ ਬੇਟੀ ਦਾ ਵਿਆਹ ਕਰ ਕੇ ਮਨੁੱਖੀ ਗੁਣਾਂ ਦਾ ਮਾਣ ਵਧਾਇਆ। ਭਾਈ ਜੇਠਾ ਜੀ ਦੇ ਮਾਤਾ-ਪਿਤਾ ਨਹੀਂ ਸਨ ਤੇ ਨਾ ਵੱਡੀ ਜਮੀਨ-ਜਾਇਦਾਦ ਦੀ ਮਾਲਕੀ ਸੀ ਪਰ ਸੇਵਾ ਕਰਨ ਦੀ ਭਾਵਨਾ ਅਤੇ ਮੱਥੇ ਵਿਚ ਜਗਦਾ ਵਿਵੇਕ ਦਾ ਦੀਵਾ ਉਨ੍ਹਾਂ ਦੀ ਨਿਰਾਲੀ ਸ਼ਾਨ ਸੀ।

ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਕੀਤੇ ਸਮਾਜਿਕ ਸੁਧਾਰ ਯਾਦਗਾਰੀ ਹਨ। ਇਨ੍ਹਾਂ ਵਿਚ ਮਾਨਵਤਾ ਦੀ ਸਵੇਰ ਦੇ ਸੁੰਦਰ ਨਕਸ਼ ਦ੍ਰਿਸ਼ਟੀਗੋਚਰ ਹੁੰਦੇ ਹਨ। ਮਨੁੱਖ ਦਾ ਮਨੁੱਖ ਨਾਲ਼ ਭੇਦਭਾਵ ਅਤੇ ਧੋਖਾ ਇਨਸਾਨੀਅਤ ਦੀ ਤੌਹੀਨ ਹੈ। ਇਸ ਨਾਲ਼ ਸਮਾਜ ਅੰਦਰ ਉਥਲ-ਪੁਥਲ ਮੱਚਦੀ ਹੈ। ਸਮਾਨਤਾ ਅਤੇ ਸਹਿਯੋਗ ਦੀ ਭਾਵਨਾ ਮਨੁੱਖੀ ਸਮਾਜ ਲਈ ਅਤਿ ਜ਼ਰੂਰੀ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਭੇਦ-ਭਾਵ ਖ਼ਤਮ ਕਰਨ ਅਤੇ ਭਾਈਚਾਰੇ ਦੀ ਭਾਵਨਾ ਮਜ਼ਬੂਤ ਕਰਨ ਲਈ "ਪਹਿਲੇ ਪੰਗਤ ਪਾਛੈ ਸੰਗਤ" ਦੀ ਪ੍ਰਥਾ ਚਲਾਈ। ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ

ਤੋਂ ਪਹਿਲਾਂ ਹਰ ਪ੍ਰਾਣੀ ਨੂੰ ਦੂਜੇ ਮਨੁੱਖਾਂ ਨਾਲ਼ ਪੰਗਤ (ਕਤਾਰ/ਲਾਇਨ) ਵਿਚ ਬੈਠ ਕੇ ਭਰਾਵਾਂ ਵਾਂਗ ਲੰਗਰ ਛਕਣਾ ਪੈਂਦਾ ਸੀ। ਇਸ ਨਾਲ਼ ਸ਼ਰਧਾਲੂਆਂ ਨੂੰ ਪੌਸ਼ਟਿਕ ਭੋਜਨ ਪ੍ਰਾਪਤ ਹੋਣ ਦੇ ਨਾਲ਼-ਨਾਲ਼ ਅਮੀਰ-ਗ਼ਰੀਬ ਤੇ ਜਾਤ-ਪਾਤ ਦੇ ਭੇਦ-ਭਾਵ ਮਿਟਾ ਕੇ ਏਕਤਾ ਦਾ ਅਨੰਦ ਵੀ ਪ੍ਰਾਪਤ ਹੋਇਆ। ਬਾਦਸ਼ਾਹ ਅਕਬਰ ਨੂੰ ਵੀ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਸੰਗਤ ਨਾਲ਼ ਲੰਗਰ ਛਕਣਾ ਪਿਆ। ਉਸ ਨੇ ਇਸ ਮਾਨਵਵਾਦੀ ਮਹਾਨ ਪ੍ਰਥਾ ਤੋਂ ਪ੍ਰਭਾਵਿਤ ਹੋ ਕੇ ਲੰਗਰ ਲਈ ਜਾਗੀਰ ਦੇਣੀ ਚਾਹੀ ਤਾਂ ਗੁਰੂ ਜੀ ਨੇ ਸਾਫ ਮਨ੍ਹਾਂ ਕਰ ਦਿੱਤਾ ਕਿ ਲੰਗਰ ਇਮਾਨਦਾਰ ਸੰਗਤ ਦੀ ਸੁੱਚੀ ਕਿਰਤ ਦੀ ਕਮਾਈ ਨਾਲ਼ ਚੱਲਦਾ ਹੈ। ਇਸ ਨੂੰ ਰਾਜਸੀ ਘਰਾਣੇ ਦੀ ਇਮਦਾਦ ਦੀ ਜ਼ਰੂਰਤ ਨਹੀਂ। ਇਹ ਬਾਦਸ਼ਾਹੀ ਜਲਾਲ ਸਾਹਮਣੇ ਸਧਾਰਨ ਵਿਅਕਤੀ ਦੀ ਸੁੱਚੀ ਕਿਰਤ ਦੀ ਉੱਚਤਾ ਸਥਾਪਿਤ ਕਰਨ ਵਾਲਾ ਕਾਰਜ ਸੀ। ਲੋਕਤੰਤਰ ਦੀ ਆਉਣ ਵਾਲੀ ਸਵੇਰ ਦਾ ਸੁਨੇਹਾ ਸੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਸੰਗਤ ਦੇ ਸਹਿਯੋਗ ਨਾਲ਼ ਪਾਣੀ ਦੀ ਜ਼ਰੂਰਤ ਪੂਰੀ ਕਰਨ ਲਈ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ ਕਰਵਾਇਆ। ਇਸ ਦੀ ਵਰਤੋਂ ਸਭ ਪ੍ਰਾਣੀ ਬਿਨਾਂ ਭੇਦਭਾਵ ਤੋਂ ਕਰਦੇ ਸਨ। ਭਾਈ ਜੇਠਾ (ਗੁਰੂ ਰਾਮਦਾਸ ਜੀ) ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਪੁੱਤਰੀ ਬੀਬੀ ਭਾਨੀ ਜੀ ਦੇ ਪਤੀ ਹੋਣ ਦੇ ਬਾਵਜੂਦ ਸੰਗਤ ਦੀ ਸੇਵਾ ਕਰਨ ਨੂੰ ਮਹਾਨ ਕਾਰਜ ਸਮਝਿਆ। ਬਾਉਲੀ ਦੀ ਉਸਾਰੀ ਸਮੇਂ ਉਹ ਬਹੁਤ ਕਰੜੀ ਘਾਲਣਾ ਨਾਲ਼ ਮਿੱਟੀ ਦੀਆਂ ਟੋਕਰੀਆਂ ਢੋਂਦੇ ਰਹੇ।

ਸ੍ਰੀ ਗੁਰੂ ਅਮਰਦਾਸ ਜੀ ਨੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਦਰਜਾ ਦੇ ਕੇ ਉਸ ਨੂੰ ਮਹੱਤਵਪੂਰਨ ਜ਼ਿੰਮੇਵਾਰੀਆਂ ਸੌਂਪੀਆਂ। ਪ੍ਰਚਾਰ ਲਈ ਸਥਾਪਿਤ ਕੀਤੀਆਂ ੨੨ ਮੰਜੀਆਂ ਵਿਚ ਇਸਤਰੀਆਂ ਨੂੰ ਵੀ ਮੰਜੀਆਂ ਦੀ ਜ਼ਿੰਮੇਵਾਰੀ ਸੌਂਪ ਕੇ ਆਪਣੀ ਯੋਗਤਾ ਦਿਖਾਉਣ ਦਾ ਮੌਕਾ ਦਿੱਤਾ ਗਿਆ। ਗੁਰੂ ਸਾਹਿਬ ਦੇ ਪ੍ਰਚਾਰਕਾਂ ਵਿੱਚੋਂ ੫੨ ਬੀਬੀਆਂ ਸਨ।

ਇਸਤਰੀ ਦੇ ਵਿਕਾਸ ਵਿਚ ਰੁਕਾਵਟ ਬਣ ਰਹੀ ਪਰਦਾ ਪ੍ਰਥਾ ਨੂੰ ਗੁਰੂ ਜੀ ਨੇ ਖ਼ਤਮ ਕਰ ਕੇ ਇਸਤਰੀ ਨੂੰ ਆਤਮ-ਸਨਮਾਨ ਅਤੇ ਆਤਮ-ਵਿਸ਼ਵਾਸ ਨਾਲ਼ ਭਰ ਦਿੱਤਾ। ਸਤੀ ਪ੍ਰਥਾ ਵਿਧਵਾ ਇਸਤਰੀਆਂ ਲਈ ਕਹਿਰ ਬਣੀ ਹੋਈ ਸੀ। ਪਤੀ ਦੀ ਮੌਤ ਹੋ ਜਾਣ 'ਤੇ ਪਤਨੀ ਨੂੰ ਉਸ ਦੇ ਨਾਲ਼ ਹੀ ਚਿਖਾ 'ਤੇ ਬੈਠ ਕੇ ਸੜ੍ਹਨਾ ਪੈਂਦਾ ਸੀ। ਇਸ ਪਿੱਛੇ ਮਿਥ ਸੀ ਕਿ ਪਤਨੀ ਪਤੀ ਦਾ ਵਿਛੋੜਾ ਨਹੀਂ ਝੱਲ ਰਹੀ ਅਤੇ ਉਸ ਦੇ ਨਾਲ਼ ਹੀ ਚਿਖਾ ਵਿਚ ਜਿਊਂਦੀ ਸੜ ਕੇ ਸਵਰਗ ਵਿਚ ਜਾ ਰਹੀ ਹੈ। ਗੁਰੂ ਸਾਹਿਬ ਨੇ ਇਸ ਖੌਫ਼ਨਾਕ ਪ੍ਰਥਾ ਨੂੰ ਖ਼ਤਮ ਕਰਵਾਉਣ ਲਈ ਇਸ ਦਾ ਕਰੜਾ ਵਿਰੋਧ ਕੀਤਾ। ਗੁਰੂ ਸਾਹਿਬ ਨੇ ਵਿਧਵਾ ਦਾ ਕਿਸੇ ਯੋਗ ਪੁਰਸ਼ ਨਾਲ਼ ਵਿਆਹ ਕਰ ਕੇ ਉਸ ਦੀ ਜ਼ਿੰਦਗੀ ਨੂੰ ਦੁਬਾਰਾ ਨਵੀਨਤਾ ਬਖਸ਼ਣ ਦਾ ਉਪਦੇਸ਼ ਦਿੱਤਾ। ਇਸ ਤਰ੍ਹਾਂ ਗੁਰੂ ਸਾਹਿਬ ਨੇ ਮਾਨਵਤਾ ਨੂੰ ਜ਼ਿੰਦਗੀ ਅਤੇ ਇਸਤਰੀ ਦੇ ਸਨਮਾਨ ਦਾ ਵੱਡਾ ਸੁਨੇਹਾ ਦਿੱਤਾ।

ਸ੍ਰੀ ਗੁਰੂ ਅਮਰਦਾਸ ਜੀ ਨੇ ਪਤੀ ਪਤਨੀ ਦੇ ਰਿਸ਼ਤੇ ਨੂੰ ਸਰੀਰਕ ਆਕਰਸ਼ਣ ਤੋਂ ਪਾਰ "ਏਕ ਜੋਤਿ ਦੁਇ ਮੂਰਤੀ" ਕਹਿ ਕੇ ਆਤਮਿਕ ਮਿਲਾਪ ਦੇ ਅਗੰਮੀ ਸੰਯੋਗ ਨਾਲ਼ ਅਭੇਦ ਕਰਕੇ ਪਾਵਨਤਾ ਦਾ ਵਾਤਾਵਰਨ ਸਿਰਜਿਆ। ਇਸ ਨਾਲ਼ ਇਸਤਰੀ ਨੂੰ ਮਨੋਰੰਜਨ ਦੀ ਵਸਤ ਜਾਂ ਪੁਰਸ਼ ਦੇ ਮੁਕਾਬਲੇ ਦੂਜਾ ਦਰਜਾ ਦੇਣ ਦੀ ਬਿਰਤੀ ਨੂੰ ਭਾਰੀ ਠੱਲ੍ਹ ਪਈ। ਪਤੀ-ਪਤਨੀ ਦੇ ਰਿਸ਼ਤੇ ਵਿਚ ਸਨਮਾਨ, ਸਮਾਨਤਾ ਅਤੇ ਸਹਿਯੋਗ ਦੀ ਇਬਾਰਤ ਜ਼ਿੰਦਗੀ ਦੇ ਸੁਹਾਵਣੇ ਪੰਨਿਆਂ 'ਤੇ ਲਿਖੀ ਗਈ।

ਸ੍ਰੀ ਗੁਰੂ ਅਮਰਦਾਸ ਜੀ ਨੇ ਸਧਾਰਨ ਜਨਤਾ ਨੂੰ ਉੱਚਾ ਚੁੱਕਣ ਦਾ ਯਤਨ ਕੀਤਾ। ਬੇਲੋੜੀਆਂ ਰਸਮਾਂ ਅਤੇ ਵਹਿਮਾਂ ਦੇ ਭਾਰ ਨੂੰ ਜਨਤਾ ਦੇ ਸਿਰ ਤੋਂ ਉਤਾਰ ਕੇ ਬਰਾਬਰੀ, ਮਿਲਵਰਤਨ ਅਤੇ ਫ਼ਰਜ਼ਾਂ ਦੇ ਅਹਿਸਾਸ ਦੇ ਉਜਾਲਿਆਂ ਵੱਲ ਤੋਰਿਆ। ਗੁਰੂ ਸਾਹਿਬ ਦੁਆਰਾ ਲਿਆਉਂਦੇ ਪਰਿਵਰਤਨ ਲੋਕਤੰਤਰ ਅਤੇ ਮਾਨਵਵਾਦ ਲਈ ਮਹੱਤਵਪੂਰਨ ਹਨ ਅਤੇ ਉਸਾਰੂ ਸਮਾਜ ਸਿਰਜਣ ਲਈ ਅਤਿ ਜ਼ਰੂਰੀ ਹਨ।

# ਧੰਨੁ ਧੰਨੁ ਰਾਮਦਾਸ ਗੁਰੁ

-ਸ. ਜਸਵੰਤ ਸਿੰਘ ਅਜੀਤ



ਭਾਈ ਬਲਵੰਡ ਜੀ ਅਤੇ ਭਾਈ ਸਤਾ ਜੀ ਨੇ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਮਹਾਨਤਾ ਦਾ ਵਰਣਨ ਕਰਦਿਆਂ ਹੋਇਆਂ ਆਪਣੇ ਦਿਲ ਦੀਆਂ ਡੂੰਘਿਆਈਆਂ ਵਿੱਚੋਂ ਗਾਵਿਆ ਹੈ:

**ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥**
**ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥**
**ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥**
**ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥**
**ਜਿਨ੍ੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥**
**ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥**
**ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥**
**ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥**
**ਗੁਰੁ ਡਿਠਾ ਤਾਂ ਮਨੁ ਸਾਧਾਰਿਆ॥੭॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੮)

ਅਜਿਹੇ ਸਤਿਗੁਰਾਂ ਦਾ ਪ੍ਰਕਾਸ਼ ੨੪ ਸਤੰਬਰ, ੧੫੩੪ ਈ. ਨੂੰ ਭਾਈ ਹਰਿਦਾਸ ਜੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖੋਂ ਲਾਹੌਰ ਵਿਖੇ ਹੋਇਆ। ਆਪ ਦਾ ਬਚਪਨ ਦਾ ਨਾਂ ਭਾਈ ਜੇਠਾ ਜੀ ਸੀ। ਘਰ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਕਾਰਨ ਆਪ ਕਿਸੇ ਪਾਠਸ਼ਾਲਾ ਵਿਚ ਵਿੱਦਿਆ ਪ੍ਰਾਪਤ ਨਹੀਂ ਕਰ ਸਕੇ ਪਰੰਤੂ ਘਰ ਦੇ ਧਾਰਮਿਕ ਵਾਤਾਵਰਨ ਅਤੇ ਮਾਤਾ-ਪਿਤਾ ਦੇ ਧਾਰਮਿਕ ਜੀਵਨ ਅਤੇ ਨੇਕ ਸੁਭਾਅ ਦਾ ਆਪ 'ਤੇ ਡੂੰਘਾ ਪ੍ਰਭਾਵ ਪਿਆ। ਜਿਸ ਕਾਰਨ ਆਪ ਨੇ ਵੱਖ-ਵੱਖ ਧਰਮਾਂ ਅਤੇ ਧਾਰਮਿਕ ਵਿਸ਼ਵਾਸਾਂ ਤੇ ਉਨ੍ਹਾਂ ਦੇ ਦਰਸ਼ਨ ਬਾਰੇ ਬਹੁਤ ਗਿਆਨ ਪ੍ਰਾਪਤ ਕੀਤਾ।

ਭਾਈ ਜੇਠਾ ਜੀ ਦੀ ਆਯੂ ਅਜੇ ਛੋਟੀ ਹੀ ਸੀ ਕਿ ਆਪ ਦੇ ਮਾਤਾ-ਪਿਤਾ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਨਾਨੀ ਪਾਲਣ-ਪੋਸ਼ਣ ਕਰਨ ਲਈ ਉਨ੍ਹਾਂ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਜਦੋਂ ਆਪ ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸੰਗਤ ਵਿਚ ਆਏ ਤਾਂ ਆਪ ਦੇ ਜੀਵਨ ਤੇ ਗੁਰਸਿੱਖੀ, ਗੁਰਬਾਣੀ, ਭਗਤੀ ਅਤੇ ਸੇਵਾ ਦੀ ਅਜਿਹੀ ਪਾਣ ਚੜ੍ਹੀ ਕਿ ਆਪ ਨੇ ਸਮੁੱਚਾ ਜੀਵਨ ਇਨ੍ਹਾਂ ਨੂੰ ਹੀ ਸਮਰਪਿਤ ਕਰ ਦਿੱਤਾ। ਨਿਮਰਤਾ, ਲਗਨ ਅਤੇ ਅਪਾਰ ਸ਼ਰਧਾ ਦੇ ਨਾਲ ਆਪ ਨੇ ਸਤਿਗੁਰਾਂ ਦੇ ਉਪਦੇਸ਼ਾਂ ਨੂੰ ਸਮਝਿਆ ਤੇ ਉਨ੍ਹਾਂ ਅਨੁਸਾਰ ਹੀ ਆਪਣੇ ਜੀਵਨ ਨੂੰ ਢਾਲ ਲਿਆ। ਆਪ ਦੀ ਸੁਪਤਨੀ ਬੀਬੀ ਭਾਨੀ ਜੀ, ਜੋ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸਪੁੱਤਰੀ ਸਨ, ਨੇ ਵੀ ਆਪਣੀ ਸੇਵਾ ਤੇ ਪਤੀ-ਭਗਤੀ ਨਾਲ ਆਪ ਨੂੰ ਬਹੁਤ ਪ੍ਰਭਾਵਿਤ ਕੀਤਾ।

ਆਪ ਦੀ ਸੇਵਾ ਤੇ ਸਮਰਪਿਤ ਜੀਵਨ ਤੋਂ ਪ੍ਰਭਾਵਿਤ ਹੋ ਕੇ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਜੋਤੀ-ਜੋਤ ਸਮਾਉਣ ਲੱਗਿਆਂ ਸਿੱਖ ਧਰਮ ਦੇ ਵਾਧੇ ਤੇ ਫੈਲਾਅ ਦੀ ਜ਼ਿੰਮੇਦਾਰੀ ਆਪ ਦੇ ਭਰ-ਜੁਆਨ ਮੋਢਿਆਂ 'ਤੇ ਰੱਖਦਿਆਂ

ਹੋਇਆਂ ਗੁਰਿਆਈ ਦੀ ਸੌਂਪਣਾ ਆਪ ਨੂੰ ਕਰ ਦਿੱਤੀ। ਇਸ ਕੰਮ ਨੂੰ ਆਪ ਨੇ ਪੂਰੀ ਜ਼ਿੰਮੇਦਾਰੀ ਨਾਲ ਸੰਭਾਲਿਆ ਅਤੇ ਸਿੱਖੀ ਦਾ ਫੈਲਾਅ ਲਗਨ, ਮਿਹਨਤ ਅਤੇ ਨਿਮਰਤਾ ਨਾਲ ਕੀਤਾ। ਆਪ ਨੇ ਅੰਮ੍ਰਿਤ ਸਰੋਵਰ ਦੀ ਸਥਾਪਨਾ ਦੇ ਨਾਲ ਹੀ ਸਿੱਖੀ ਦੇ ਮਹਾਨ ਕੇਂਦਰ ਸ੍ਰੀ ਅੰਮ੍ਰਿਤਸਰ ਦੀ ਉਸਾਰੀ ਵੀ ਕੀਤੀ।

ਸ੍ਰੀ ਅੰਮ੍ਰਿਤਸਰ, ਜੋ ਅਰੰਭ ਵਿਚ 'ਚੱਕ ਗੁਰੂ' ਜਾਂ 'ਰਾਮਦਾਸ ਪੁਰਾ' ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਨੂੰ ਹਰ ਪੱਖੋਂ ਵਿਕਸਿਤ ਕਰਨ ਦੇ ਉਨ੍ਹਾਂ ਨੇ ਉਪਰਾਲੇ ਕੀਤੇ। ਵੱਖ-ਵੱਖ ੫੨ ਕਿੱਤਿਆਂ ਨਾਲ ਸੰਬੰਧਿਤ ਕਾਰੀਗਰਾਂ ਨੂੰ ਬੁਲਾ ਕੇ ਇੱਥੇ ਵਸਾਇਆ ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ। ਜਿਉਂ-ਜਿਉਂ ਸਿੱਖਾਂ ਦੀ ਆਵਾਜਾਈ ਇਸ ਸ਼ਹਿਰ ਵੱਲ ਵਧੀ ਤਿਉਂ-ਤਿਉਂ ਦੂਰ-ਦੁਰਾਡਿਓਂ ਵਪਾਰੀਆਂ ਨੇ ਵੀ ਇੱਥੇ ਆ ਕੇ ਡੇਰੇ ਲਾਉਣੇ ਸ਼ੁਰੂ ਕਰ ਦਿੱਤੇ। ਸਿੱਖੀ ਦੇ ਕੇਂਦਰੀ ਤੀਰਥ ਵਜੋਂ ਸਥਾਪਿਤ ਇਹ ਸ਼ਹਿਰ ਹਰ ਵਰਗ, ਧਰਮ ਤੇ ਫਿਰਕੇ ਨਾਲ ਸੰਬੰਧਿਤ ਲੋਕਾਂ ਦਾ ਕੇਂਦਰ ਵੀ ਬਣ ਗਿਆ।

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਪਹਿਲੇ ਸਤਿਗੁਰਾਂ- ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਵਾਂਗ ਬਾਣੀ ਉਚਾਰੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪ ਦੀ ਬਾਣੀ ੩੦ ਰਾਗਾਂ ਵਿਚ ਹੈ, ਜਦ ਕਿ ਆਪ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੯ ਰਾਗਾਂ ਵਿਚ ਬਾਣੀ ਉਚਾਰੀ ਸੀ । ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਵਰਤੇ ਗਏ ਰਾਗਾਂ ਨੂੰ ਹੀ ਆਪਣੀ ਰਚੀ ਬਾਣੀ ਲਈ ਅਪਣਾਇਆ। ਪਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਇਨ੍ਹਾਂ ਦੀ ਗਿਣਤੀ ੩੦ ਤਕ ਪਹੁੰਚਾ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਕੁੱਲ ੩੧ ਰਾਗਾਂ ਵਿਚ ਹੈ। ੩੧ ਵਾਂ ਰਾਗ ਜੈਜਾਵੰਤੀ ਹੈ, ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ੪ ਪਦੇ ਹਨ। ਇਸ ਗੱਲ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਰਾਗ ਵਿੱਦਿਆ ਦੇ ਕਿੰਨੇ ਮਹਾਨ ਜਾਣੂ ਤੇ ਮਾਹਿਰ ਸਨ। ਆਪ ਦੀ ਬਾਣੀ ਵਿਚ ੨੪੬ ਪਦੇ, ੩੧ ਅਸਟਪਦੀਆਂ, ੩੨ ਛੰਤ, ੧੩੮ ਸਲੋਕ, ੮ ਵਾਰਾਂ ਵਿਚ ੧੮੩ ਪਉੜੀਆਂ, ੧ ਪਹਿਰੇ, ੧ ਵਣਜਾਰਾ, ੨ ਕਰਹਲੇ ਅਤੇ ੨ ਘੋੜੀਆਂ ਸ਼ਾਮਲ ਹਨ। ਆਪ ਜੀ ਦੀ ਬਾਣੀ ਦਾ ਮੁੱਖ ਵਿਸ਼ਾ ਪਹਿਲੇ ਸਤਿਗੁਰੂ ਸਾਹਿਬਾਨ ਵਾਂਗ ਹੀ ਪ੍ਰਭੂ-ਭਗਤੀ, ਧਾਰਮਿਕ ਸਿਧਾਂਤਾਂ ਦੀ ਚਰਚਾ ਕਰਦਿਆਂ ਹੋਇਆਂ ਲੋਕਾਂ ਲਈ ਉਪਦੇਸ਼, ਪ੍ਰਭੂ-ਮਿਲਾਪ ਲਈ ਤੜਪ, ਪ੍ਰਭੂ ਤੇ ਗੁਰੂ ਦੀ ਉਸਤਤੀ ਹੈ, ਜਿਸ ਨੂੰ ਆਪ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਆਪ ਦੀ ਬਾਣੀ ਇਤਨੀ ਰਸ-ਮਈ ਹੈ ਕਿ ਉਸ ਦਾ ਇਕ-ਇਕ ਸ਼ਬਦ ਦਿਲ ਦੀਆਂ ਡੂੰਘਾਈਆਂ ਨੂੰ ਜਾ ਛੂੰਹਦਾ ਹੈ।

'ਹਰਿ ਕੀ ਵਡਿਆਈ' ਦਾ ਜਦ ਆਪ ਵਰਣਨ ਕਰਦੇ ਹਨ ਤਾਂ ਹਿਰਦਾ ਹਰਿ ਦੇ ਦਰਸ਼ਨਾਂ ਲਈ ਬੇਤਾਬ ਹੋ ਉੱਠਦਾ ਹੈ:

**-ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿ ਕਾ॥**
**ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ॥**
**ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ॥**
**ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ॥**
**ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ॥੬॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੮੪)

**-ਹਰਿ ਅੰਮ੍ਰਿਤੁ ਵੁਠੜਾ ਮਿਲਿਆ ਹਰਿ ਰਾਇਆ ਜੀਉ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੧੭੩)

ਜਦੋਂ ਕੁਝ ਮਨਮਤੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਵਿਰੋਧਤਾ ਕੀਤੀ ਤੇ ਉਨ੍ਹਾਂ ਨੂੰ ਭਲਾ-ਬੁਰਾ ਕਿਹਾ ਤਾਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ:

**ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੨)

**ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੨)

ਆਪ ਨੇ ਉਨ੍ਹਾਂ ਨੂੰ ਇਹ ਵੀ ਸਮਝਾਇਆ ਕਿ ਜੇਕਰ ਕੋਈ ਬੁਰਾ, ਨਿੰਦਕ ਤੇ ਪਾਪੀ ਵੀ ਸਤਿਗੁਰਾਂ ਦੀ ਸ਼ਰਨ ਵਿਚ ਆ ਜਾਂਦਾ ਹੈ ਤਾਂ ਸਤਿਗੁਰੂ ਖੁੱਲ੍ਹੇ ਹਿਰਦੇ ਨਾਲ ਉਸ ਨੂੰ ਖਿਮਾਂ ਕਰ ਦਿੰਦੇ ਹਨ:

**ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੨)

ਉਹ ਦੱਸਦੇ ਹਨ:

**ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੧)

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸਤਿਗੁਰੂ ਅਤੇ ਅਕਾਲ ਪੁਰਖ ਨੂੰ ਇੱਕੋ ਰੂਪ ਵਿਚ ਪੇਸ਼ ਕਰਦੇ ਹਨ। ਉਨ੍ਹਾਂ ਦਾ ਫੁਰਮਾਨ ਹੈ:

**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੪)

ਆਪ ਦੀ ਬਾਣੀ ਵਿਚ ਅਕਾਲ ਪੁਰਖ ਦੀ ਸਰਬ-ਵਿਆਪਕਤਾ ਦਾ ਖੁੱਲ੍ਹਾ-ਡੁੱਲ੍ਹਾ ਵਰਣਨ ਹੈ। ਆਪ ਦੱਸਦੇ ਹਨ ਕਿ ਪਰਮ-ਪਿਤਾ ਪਰਮਾਤਮਾ ਸਾਰੇ ਸੰਸਾਰ ਵਿਚ ਸਮਾਇਆ ਹੋਇਆ ਹੈ। ਆਪ ਹੀ ਉਹ ਸਭ ਕੁਝ ਹੈ ਤੇ ਆਪ ਹੀ ਸਾਰੀ ਖੇਡ ਖੇਡ ਰਿਹਾ ਹੈ:

**ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ॥**
**ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ॥**
**ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੬੦੪)

ਆਪ ਸਤਿਗੁਰੂ ਅੱਗੇ ਅਰਦਾਸ ਕਰਦੇ ਹੋਏ ਆਖਦੇ ਹਨ:

**ਹਰਿ ਕੇ ਜਨ ਸਤਿਗੁਰ ਸਤ ਪੁਰਖਾ ਹਉ ਬਿਨਉ ਕਰਉ ਗੁਰ ਪਾਸਿ॥**
**ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੨)

ਇਨ੍ਹਾਂ ਸ਼ਬਦਾਂ ਵਿਚ ਕਿਤਨੀ ਨਿਮਰਤਾ ਤੇ ਸਾਦਗੀ ਹੈ। ਸਮਰੱਥ ਹੁੰਦਿਆਂ ਹੋਇਆਂ ਵੀ ਆਪ ਆਪਣੇ ਆਪ ਨੂੰ ਇਤਨਾ ਛੋਟਾ ਕਹਿੰਦੇ ਹਨ। ਆਪ ਹੋਰ ਅੱਗੇ ਆਖਦੇ ਹਨ:

**ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ॥**
**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥੧॥ ਰਹਾਉ॥**
**ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ॥**
**ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ॥੨॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦)

ਪ੍ਰਭੂ ਨੂੰ ਮਿਲਣ ਦੀ ਤਾਂਘ, ਬੇਚੈਨੀ ਤੇ ਬਿਹਬਲਤਾ ਆਪ ਜੀ ਦੀ ਬਾਣੀ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦੀ ਹੈ:

**ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥**
**ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥**
**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪)

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਸਾਰਾ ਜੀਵਨ ਪ੍ਰਭੂ-ਭਗਤੀ, ਸੇਵਾ ਅਤੇ ਨਿਮਰਤਾ ਨਾਲ ਭਰਪੂਰ ਹੈ। ਆਪ ਜੀ ਦੀ ਬਾਣੀ ਵਿੱਚੋਂ ਵੀ ਇਹੀ ਕੁਝ ਪ੍ਰਗਟ ਹੁੰਦਾ ਹੈ। ਨਿਮਰਤਾ ਭਰਪੂਰ ਤੇ ਨਿੰਦਕਾਂ, ਦੁਸ਼ਟਾਂ ਸਭ ਨੂੰ ਤਾਰਨਹਾਰੇ ਸਤਿਗੁਰਾਂ ਦੇ ਸੰਬੰਧ ਵਿਚ ਇਉਂ ਵਰਨਣ ਆਉਂਦਾ ਹੈ:

**ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ॥**
**ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ॥**
**ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੭)

ਭਾਵੇਂ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਸੌਂਪੀ ਸੀ, ਪਰ ਗੁਰਬਾਣੀ ਦੇ ਗੁਰੂ ਰੂਪ ਹੋਣ ਬਾਰੇ ਪਹਿਲੇ ਗੁਰੂ ਸਾਹਿਬਾਨ ਨੇ ਹੀ ਸਮਝਾਉਣਾ ਅਰੰਭ ਕਰ ਦਿੱਤਾ ਸੀ। ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਸੰਬੰਧ ਵਿਚ ਸੰਕੇਤ ਕੀਤਾ ਹੈ:

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੁਹਹੁ ਕਢਾਏ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੮)

ਆਪ ਨੇ ਹੋਰ ਆਖਿਆ:

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੨)

ਆਪ ਜੀ ਵਿਚ ਕਿਤਨੀ ਨਿਮਰਤਾ ਸੀ ਇਸ ਦਾ ਵਰਨਣ 'ਬੰਸਾਵਲੀਨਾਮਾ' ਵਿਚ ਇਸ ਤਰ੍ਹਾਂ ਆਉਂਦਾ ਹੈ:

ਸਾਕ ਨਾ ਜਾਤਾ
ਹਿਰਦੇ ਰਖਿਆ ਸੇਵਕੀ ਭਾਉ
ਚੰਚਲਾਈ ਚਤੁਰਾਈ ਖੇਡਣ
ਹਸਣ ਕਾ ਚਾਉ
ਪ੍ਰੀਤਿ ਚਰਣਾਂ ਦੀ ਸੇਵਕ ਰਖੀ
ਬਿਨਾਂ ਸਤਿਗੁਰ ਹੋਰ ਨਾ ਦੇ ਦੇਖਣਾ ਅਖੀਂ।

ਆਪ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਨਾਲ ਹੋਈ ਮੁਲਾਕਾਤ ਦਾ ਵਰਣਨ ਗਿਆਨੀ ਗਿਆਨ ਸਿੰਘ ਨੇ ਆਪਣੀ ਰਚਨਾ ਵਿਚ ਇਸ ਤਰ੍ਹਾਂ ਕੀਤਾ ਹੈ:

ਸ੍ਰੀ ਚੰਦ ਤਬ ਗਿਰਹ ਉਚਾਰੀ
ਕਾਹੇ ਬਢਾਈ ਦਾਹੜੀ ਭਾਰੀ
ਗੁਰੂ ਰਾਮਦਾਸ ਨਿਮਰ ਹੋਹੈਂ
ਕਿਹੋ ਆਪਸੇ ਸਾਧੂ ਜੋ ਹੈਂ
ਉਨਕੇ ਚਰਨ ਪੋਂਛਨੇ ਕਾਰਨ
ਸ੍ਰੀ ਚੰਦ ਖੁਸ਼ ਹੋਇ ਉਚਾਰਾ
ਇਸੀ ਤੌਰ ਘਰ ਲੁਟਿਉ ਹਮਾਰਾ
ਜੋ ਬਾਕੀ ਭੀ ਅਬ ਕੁਝ ਮੋ ਪੈ
ਛੀਨ ਲਈ ਯੋਂ ਹੀ ਤੁਮ ਮੋ ਪੈ।

# ਗੁਰੂ ਘਰ ਦੇ ਮਹਾਨ ਸਿੱਖ: ਬਾਬਾ ਬੁੱਢਾ ਜੀ

-ਸ. ਕਿਰਪਾਲ ਸਿੰਘ



ਗੁਰੂ-ਘਰ ਵਾਸਤੇ ਬਾਬਾ ਬੁੱਢਾ ਜੀ ਦੁਆਰਾ ਕੀਤੀ ਗਈ ਸੇਵਾ-ਘਾਲਣਾ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਬਾਬਾ ਬੁੱਢਾ ਜੀ ਨੂੰ ਛੇਵੀਂ ਪਾਤਸ਼ਾਹੀ ਤਕ ਗੁਰਗੱਦੀ ਤਿਲਕ ਦੀਆਂ ਰਸਮਾਂ ਅਦਾ ਕਰਨ ਦਾ ਅਹਿਮ ਅਤੇ ਵਡਮੁੱਲਾ ਕਾਰਜ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਗੱਲ ਤੋਂ ਹੀ ਅਸੀਂ ਉਨ੍ਹਾਂ ਦੇ ਗੁਰੂ-ਘਰ ਅਤੇ ਸਿੱਖਾਂ ਵਿਚ ਹੁੰਦੇ ਆਦਰ, ਮਾਣ-ਸਨਮਾਨ ਅਤੇ ਵਿਦਵਤਾ ਦਾ ਅੰਦਾਜ਼ਾ ਲਗਾ ਸਕਦੇ ਹਾਂ।

ਇਸ ਅਨੋਖੀ ਅਤੇ ਨਿਰਲੇਪ ਸ਼ਖ਼ਸੀਅਤ ਦੇ ਮਾਲਕ ਬਾਬਾ ਬੁੱਢਾ ਜੀ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਮਹਿਜ਼ ਸਬੱਬੀ ਨਹੀਂ ਮੰਨਿਆ ਜਾ ਸਕਦਾ। ਇਹ ਵਾਹਿਗੁਰੂ ਜੀ ਦੀ ਅਪਾਰ ਬਖ਼ਸ਼ਿਸ਼ ਦੁਆਰਾ ਹੀ ਸੰਭਵ ਹੋ ਸਕਿਆ ਸੀ। ਬਾਬਾ ਬੁੱਢਾ ਜੀ ਦਾ ਜਨਮ ਤਾਂ ਪਿੰਡ ਕੱਥੂਨੰਗਲ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸੱਤ ਕੱਤਕ ਸੰਮਤ ੧੫੬੩ ਨੂੰ ਹੋਇਆ, ਸਮੇਂ ਅਤੇ ਕੁਦਰਤ ਨੇ ਐਸਾ ਸੰਜੋਗ ਬਣਾਇਆ ਕਿ ਬਾਬਾ ਜੀ ਦਾ ਪਰਵਾਰ ਕੱਥੂਨੰਗਲ ਛੱਡ ਕੇ ਦਰਿਆ ਰਾਵੀ ਦੇ ਕੰਢੇ ਰਮਦਾਸ ਨਾਂ ਦੇ ਪਿੰਡ ਦੀ ਜੂਹ ਵਿਚ ਆ ਕੇ ਵੱਸ ਗਿਆ। ਰਾਵੀ ਦਰਿਆ ਦੇ ਦੋਵਾਂ ਕੰਢਿਆਂ 'ਤੇ ਮੀਲਾਂ ਤਕ ਵਾਹੀਯੋਗ ਭੂਮੀ ਭਾਵੇਂ ਕਈ ਵਾਰ ਦਰਿਆ ਦੇ ਹੜ੍ਹਾਂ ਕਾਰਨ ਬਰਬਾਦ ਹੁੰਦੀ ਅਤੇ ਫਿਰ ਆਬਾਦ ਹੁੰਦੀ ਸੀ ਪਰ ਇਥੋਂ ਦੇ ਲੋਕ ਜੋ ਬਹੁਤ ਵੱਡੇ ਜਿਗਰੇ ਵਾਲੇ ਸਨ, ਨੇ ਆਪਣੇ ਆਪ ਨੂੰ ਇਸ ਕੁਦਰਤੀ ਆਫਤ ਨੂੰ ਝੱਲਣ ਦੇ ਯੋਗ ਬਣਾ ਲਿਆ ਹੋਇਆ ਸੀ। ਦਰਿਆ ਰਾਵੀ ਦਾ ਆਲਾ-ਦੁਆਲਾ ਜੰਗਲਾਂ ਅਤੇ ਕੁਦਰਤੀ ਝੀਲਾਂ ਨਾਲ ਭਰਪੂਰ ਸੀ ਅਤੇ ਦੂਰ-ਦੂਰ ਤਕ ਹਰੇ-ਭਰੇ ਘਾਹ ਅਤੇ ਜੜ੍ਹੀਆਂ-ਬੂਟੀਆਂ ਦੀਆਂ ਵੱਡੀਆਂ ਕੁਦਰਤੀ ਚਰਾਂਦਾਂ ਸਨ। ਇਸ ਕਰਕੇ ਆਲਾ-ਦੁਆਲਾ ਬਹੁਤ ਮਨਮੋਹਕ ਅਤੇ ਰਮਣੀਕ ਸੀ। ਅਜਿਹੇ ਅਸਥਾਨਾਂ 'ਤੇ ਕਾਦਰ ਦੀ ਕੁਦਰਤ ਕੁਝ ਜ਼ਿਆਦਾ ਹੀ ਮਿਹਰਬਾਨ ਹੁੰਦੀ ਹੈ। ਅਜਿਹੇ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਮਰ ਦੇ ਅਖੀਰੀ ਪੜਾਅ 'ਤੇ ਡੇਰੇ ਲਾਏ ਸੀ ਅਤੇ ਬਾਬਾ ਬੁੱਢਾ ਜੀ ਜਿਨ੍ਹਾਂ ਦਾ ਬਚਪਨ ਦਾ ਨਾਂ ਬੂੜਾ ਸੀ ਉਦੋਂ ਕੇਵਲ ਬਾਰ੍ਹਾਂ ਕੁ ਸਾਲਾਂ ਦੇ ਸਨ, ਦਾ ਮੇਲ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ।

ਸਿੱਖ ਪ੍ਰੰਪਰਾਵਾਂ ਅਨੁਸਾਰ ਇਸ ਰਮਣੀਕ ਸਥਾਨ ਵੱਲ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਬਾਲਾ ਜੀ ਨਾਲ ਅਕਸਰ ਵਿਚਰਦੇ ਹੁੰਦੇ ਸਨ ਅਤੇ ਆਸ-ਪਾਸ ਬਾਲਕ ਬੂੜਾ ਜੀ ਆਪਣੇ ਸਾਥੀਆਂ ਨਾਲ ਮੱਝਾਂ ਚਰਾਇਆ ਕਰਦੇ ਸਨ। ਇਕ ਦਿਨ ਬੱਚਿਆਂ ਦੀ ਨਿਗਾਹ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲ ਗਈ ਤਾਂ ਉਹ ਸਾਰੇ ਆਪਣੇ ਆਪ ਗੁਰੂ ਜੀ ਵੱਲ ਖਿੱਚੇ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬੱਚਿਆਂ ਦਰਮਿਆਨ ਸਰਸਰੀ ਗੱਲਬਾਤ ਹੋਈ ਜਿਸ ਦੌਰਾਨ ਬੂੜਾ ਜੀ ਦੀਆਂ ਸਿੱਧੀਆਂ-ਸਾਦੀਆਂ ਪਰ ਗੰਭੀਰ ਮਤਲਬ ਵਾਲੀਆਂ ਗੱਲਾਂ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਕਿ ਭਾਵੇਂ ਇਸ ਬਾਲਕ ਦੀ ਉਮਰ ਛੋਟੀ ਹੈ ਪਰ ਸਮਝ ਕਰਕੇ ਇਹ ਬੁੱਢਾ (ਬ੍ਰਿਧ) ਹੈ। ਇਸੇ ਦਿਨ ਤੋਂ ਬੂੜਾ ਜੀ ਦਾ ਨਾਂ ਬਾਬਾ ਬੁੱਢਾ ਰੱਖਿਆ ਗਿਆ ਜੋ ਕੁਝ ਸਮਾਂ ਪਾ ਕੇ ਪ੍ਰਸਿੱਧ ਹੋ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ

ਦੀਆਂ ਪਾਰਖੂ ਨਜ਼ਰਾਂ ਨੇ ਭਵਿੱਖ ਲਈ ਕੁਝ ਲੱਭ ਲਿਆ ਸੀ ਅਤੇ ਬਾਬਾ ਬੁੱਢਾ ਜੀ ਨੂੰ ਬਚਪਨ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਸਿੱਖ ਹੋਣ ਦਾ ਮਾਣ ਪ੍ਰਾਪਤ ਹੋਇਆ ਸੀ।

ਆਪਣੇ ਜੀਵਨ ਦੀ ਸਾਦੀ ਰਹਿਣੀ-ਬਹਿਣੀ ਅਤੇ ਆਪਣੀ ਸੇਵਾ ਭਾਵਨਾ ਸਦਕਾ ਬਾਬਾ ਬੁੱਢਾ ਜੀ ਛੋਟੀ ਉਮਰ ਵਿਚ ਹੀ ਗੁਰੂ-ਘਰ ਵਿਚ ਛੇਤੀ ਹੀ ਸਾਰਿਆਂ ਦੇ ਜਾਣੇ ਪਛਾਣੇ ਹੋ ਗਏ। ਆਪ ਹਰ ਵੇਲੇ ਗੁਰੂ-ਘਰ ਦੀ ਸੇਵਾ ਨੂੰ ਸਮਰਪਿਤ ਰਹਿੰਦੇ। ਇਨ੍ਹੀਂ ਦਿਨੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕੰਢੇ ਧਰਮਸਾਲਾ ਬਣਵਾਉਣੀ ਸ਼ੁਰੂ ਕੀਤੀ ਹੋਈ ਸੀ। ਬਾਬਾ ਬੁੱਢਾ ਜੀ ਸਭ ਤੋਂ ਅੱਗੇ ਹੋ ਕੇ ਕਾਰ-ਸੇਵਾ ਵਿਚ ਹਿੱਸਾ ਲੈਂਦੇ ਅਤੇ ਨਾਮ-ਸਿਮਰਨ ਵਿਚ ਵੀ ਦਿਨੋ-ਦਿਨ ਨਿਪੁੰਨ ਹੁੰਦੇ ਗਏ। ਬਾਬਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਨੂੰ ਜਲਦੀ ਹੀ ਕੰਠ ਕਰ ਲਿਆ। ਆਪ ਵੀ ਜਪਦੇ ਅਤੇ ਦੂਜਿਆਂ ਨੂੰ ਵੀ ਜਪਾਉਂਦੇ। ਇੰਜ ਇਕ ਸਿੱਧੇ-ਸਾਦੇ ਕਿਰਸਾਨੀ ਪਰਵਾਰ ਵਿੱਚੋਂ ਆ ਕੇ ਬਾਬਾ ਬੁੱਢਾ ਜੀ ਰਿਸ਼ੀਆਂ-ਮੁਨੀਆਂ ਵਾਂਗ ਰੱਬੀ ਗਿਆਨ ਨਾਲ ਭਰਪੂਰ ਹੋ ਕੇ ਬ੍ਰਹਮ ਗਿਆਨੀ ਬਣ ਗਏ।

ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਤੋਂ ਆਗਿਆ ਲੈ ਕੇ ਗ੍ਰਿਹਸਤ ਧਰਮ ਵਿਚ ਪ੍ਰਵੇਸ਼ ਕੀਤਾ। ਆਪ ਜੀ ਦਾ ਵਿਆਹ ਬੀਬੀ ਮਿਰੋਆਂ ਨਾਲ ਅੱਚਲ ਪਿੰਡ ਵਿਖੇ ਹੋਇਆ ਅਤੇ ਬਰਾਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਲਖਮੀ ਚੰਦ ਜੀ ਸ਼ਾਮਲ ਸਨ ਅਤੇ ਵਿਆਹ ਵਿਚ ਮਾਤਾ ਸੁਲੱਖਣੀ ਜੀ ਨੇ ਸ਼ਿਰਕਤ ਕਰ ਕੇ ਬਾਬਾ ਜੀ ਨੂੰ ਆਸ਼ੀਰਵਾਦ ਦਿੱਤਾ। ਵਿਆਹ ਤੋਂ ਬਾਅਦ ਬਾਬਾ ਬੁੱਢਾ ਜੀ ਕੁਝ ਸਮਾਂ ਰਮਦਾਸ ਰਹਿ ਕੇ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਸਮੇਤ ਪਰਵਾਰ ਕਰਤਾਰਪੁਰ ਆ ਗਏ। ਇਥੇ ਬਾਬਾ ਜੀ ਸਾਰਾ ਦਿਨ ਗੁਰੂ-ਘਰ ਦੀ ਸੇਵਾ ਵਿਚ ਲੱਗੇ ਰਹਿੰਦੇ। ਆਪ ਗ੍ਰਿਹਸਤੀ ਜੀਵਨ ਬਤੀਤ ਕਰਦੇ ਹੋਏ, ਸੰਸਾਰਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਕਮਲ ਦੇ ਫੁੱਲ ਵਾਂਗ ਖਿੜੇ-ਮੱਥੇ ਗੁਰੂ-ਘਰ ਦੀ ਸੇਵਾ ਲਈ ਵੀ ਤਤਪਰ ਰਹਿੰਦੇ ਸਨ। ਐਸੀ ਸਿੱਖੀ-ਸੇਵਕੀ ਕਰਕੇ ਹੀ ਖੁਦ ਗੁਰੂ ਸਾਹਿਬਾਨ ਜੀ ਵੀ ਆਪ ਨੂੰ "ਬਾਬਾ ਜੀ" ਕਹਿ ਕੇ ਪੁਕਾਰਦੇ ਸਨ।

ਗੁਰੂ ਸਾਖੀਆਂ ਅਤੇ ਸਿੱਖ ਰਿਵਾਇਤਾਂ ਅਨੁਸਾਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਅਖੀਰੀ ਸਮਾਂ ਨੇੜੇ ਜਾਣ ਕੇ ਸਿੱਖ ਧਰਮ ਦੀ ਵਾਗਡੋਰ ਕਿਸੇ ਯੋਗ ਸਿੱਖ ਦੇ ਹੱਥ ਪਕੜਾਉਣ ਦਾ ਨਿਸ਼ਚਾ ਕੀਤਾ ਤਾਂ ਉਨ੍ਹਾਂ ਨੇ ਆਪਣੇ ਸਿੱਖਾਂ ਦੀ ਪ੍ਰੀਖਿਆ ਲਈ ਅਤੇ ਇਸ ਦੌਰਾਨ ਸਾਰੀਆਂ ਪ੍ਰੀਖਿਆਵਾਂ ਵਿਚ ਬਾਬਾ ਬੁੱਢਾ ਜੀ ਕਿਸੇ ਨਾ ਕਿਸੇ ਤਰ੍ਹਾਂ ਸ਼ਾਮਿਲ ਹੁੰਦੇ ਸਨ। ਇਸ ਸਮੇਂ ਉਨ੍ਹਾਂ ਨੇ ਆਪਣੇ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਹੀ ਸਮਰਪਿਤ ਰੱਖਿਆ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਦੇ ਸਭ ਤੋਂ ਵੱਧ ਯੋਗ ਸਮਝਿਆ ਤਾਂ ਉਨ੍ਹਾਂ ਨੇ ੧੭ ਹਾੜ ਸੰਮਤ ੧੫੯੬ ਮੁਤਾਬਕ ੧੪ ਜੂਨ ਸੰਨ ੧੫੩੯ ਨੂੰ ਭਾਈ ਲਹਿਣਾ ਜੀ ਅੱਗੇ ਪੰਜ ਪੈਸੇ ਅਤੇ ਨਰੇਲ ਰੱਖ ਕੇ ਬਾਬਾ ਬੁੱਢਾ ਜੀ ਪਾਸੋਂ ਤਿਲਕ ਦੀ ਮਰਯਾਦਾ ਕਰਵਾਈ ਅਤੇ ਭਾਈ ਲਹਿਣਾ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨਾਮ ਨਾਲ ਪੁਕਾਰਿਆ। ਭਾਈ ਗੁਰਦਾਸ ਜੀ ਇਸ ਸੰਬੰਧ ਵਿਚ ਲਿਖਦੇ ਹਨ:

ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ। (ਵਾਰ ੧:੪੫)

ਇਸ ਰਸਮ ਤੋਂ ਬਾਅਦ ਬਾਬਾ ਬੁੱਢਾ ਜੀ ਨੇ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕਿਆ ਅਤੇ ਆਸ਼ੀਰਵਾਦ ਲਈ। ਇਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਸਿੱਖ ਸੰਗਤ ਨੂੰ ਹੁਕਮ ਕੀਤਾ ਕਿ 'ਅੱਜ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮੇਰੀ ਥਾਂ ਸਮਝੋ, ਇਹ ਗੁਰੂ ਹਨ, ਮੇਰੀ ਜੋਤਿ ਇਨ੍ਹਾਂ ਵਿਚ ਸਮਾ ਗਈ ਹੈ।' ਗੁਰੂ ਸਾਹਿਬ ਜੀ ਦੇ ਇਸ ਹੁਕਮ ਅਤੇ ਰਮਜ਼ ਨੂੰ ਉਨ੍ਹਾਂ ਦਾ ਪਰਵਾਰ ਸਮਝ ਨਾ ਸਕਿਆ ਪਰ ਬਾਬਾ ਬੁੱਢਾ ਜੀ ਨੇ ਪਾਸਬਾਨ ਬਣ ਕੇ ਇਨ੍ਹਾਂ ਬਚਨਾਂ 'ਤੇ ਪਹਿਰਾ ਦਿੱਤਾ ਅਤੇ ਦੁਬਿਧਾ ਦੂਰ ਕਰਨ ਵਿਚ ਵੱਡਾ ਯੋਗਦਾਨ ਪਾਇਆ ਅਤੇ ਇਸ ਪਿੱਛੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਵੀ ਅਗਿਆਤਵਾਸ (ਮਾਈ ਭਿਰਾਈ ਦੇ ਨਿਵਾਸ) ਵਿੱਚੋਂ ਬਾਹਰ ਆ ਕੇ ਸੰਗਤਾਂ ਨੂੰ ਦਰਸ਼ਨ ਦੇਣ ਲਈ ਤਿਆਰ ਕੀਤਾ।

ਆਪ ਜੀ ਨੇ ਇਕ ਨਿਮਾਣੇ ਸੇਵਕ ਵਾਂਗ ਗੁਰੂ-ਘਰ ਦੀ ਸੇਵਾ ਕੀਤੀ, ਸਿੱਖੀ ਦਾ ਪ੍ਰਚਾਰ ਕੀਤਾ ਅਤੇ ਪ੍ਰਮੁੱਖ

ਸਲਾਹਕਾਰ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਰਹੇ।

ਇਤਨਾ ਉੱਚਾ ਦਰਜਾ ਪਾ ਕੇ ਵੀ ਆਪ ਹਮੇਸ਼ਾਂ ਸਹਿਜ ਅਤੇ ਸਰਲ ਸੁਭਾਅ ਵਿਚ ਹੀ ਰਹੇ। ਆਪ ਜੀ ਦੀ ਸਿਫ਼ਤ ਸ਼ਬਦਾਂ ਵਿਚ ਉਤਾਰੀ ਨਹੀਂ ਜਾ ਸਕਦੀ ਅਤੇ ਭਾਈ ਗੁਰਦਾਸ ਜੀ ਦੁਆਰਾ ੧੯ਵੀਂ ਵਾਰ ਵਿਚ ਅੰਕਿਤ ਅਖੀਰਲੀਆਂ ੧੨ ਪਉੜੀਆਂ ਆਪ ਜੀ ਨੂੰ ਹੀ ਸਮਰਪਿਤ ਕਰ ਕੇ ਰਚੀਆਂ ਪ੍ਰਤੀਤ ਹੁੰਦੀਆਂ ਹਨ:

ਗੁਰਮੁਖਿ ਭਾਉ ਭਗਤਿ, ਭਗਤੁ ਪਛਾਣੀਐ।
ਗੁਰਮੁਖਿ ਬ੍ਰਹਮ ਗਿਆਨੁ, ਗਿਆਨੀ ਬਾਣੀਐ।

(ਪਉੜੀ ੧੫)

ਅਤੇ ਸ਼ਰਧਾਂਜਲੀ ਦਿੰਦਿਆਂ ਇਹ ਲਿਖਿਆ:

ਗੁਰਮੁਖਿ ਜਨਮੁ ਸਵਾਰਿ, ਦਰਗਹ ਚਲਿਆ।
ਸਚੀ ਦਰਗਹ ਜਾਇ, ਸਚਾ ਪਿੜੁ ਮਲਿਆ।

(ਪਉੜੀ ੧੪)

# ਸਿਰ-ਸੀਸ-ਸਿਦਕ ਤੇ ਸੰਦੇਸ਼
## (ਭਾਈ ਤਾਰੂ ਸਿੰਘ ਜੀ ਦੇ ਸੰਦਰਭ ਵਿੱਚ)

-ਡਾ. ਇੰਦਰਜੀਤ ਸਿੰਘ ਗੋਗੋਆਣੀ



'ਸਿਰ' ਸਰੀਰ ਦਾ ਸਿਰਮੌਰ ਭਾਗ ਹੈ। ਸਿਰ ਸਰੀਰਕ ਭਾਸ਼ਾ ਦਾ ਪ੍ਰਗਟ ਰੂਪ ਕਿਉਂਕਿ ਗ਼ੁਲਾਮਾਂ ਦੇ ਸਿਰ ਸਦਾ ਨੀਵੇਂ ਅਤੇ ਸੁਤੰਤਰ ਸੋਚ ਵਾਲਿਆਂ ਦੇ ਸਿਰ ਸਦਾ ਉੱਚੇ ਰਹਿੰਦੇ ਹਨ। ਸਿਰ ਤੋਂ ਹੀ ਸਿਰਦਾਰ ਬਣਿਆ। ਸੰਸਾਰ ਸਿਰਾਂ ਦੀ ਗਿਣਤੀ ਹੈ। ਹਰੇਕ ਸਿਰ ਵਾਲਾ ਸਿਰਦਾਰ ਨਹੀਂ ਹੁੰਦਾ। ਜਿਨ੍ਹਾਂ ਸਿਰਾਂ ਉੱਪਰ ਗੁਰੂ ਦੀ ਬਖ਼ਸ਼ਿਸ਼ ਹੋਈ ਉਹ ਸਿਰਦਾਰ ਬਣੇ। ਪਹਿਲੇ ਜਾਮੇ ਵਿਚ ਨਿਰਮਲ-ਪੰਥ ਦੇ ਬਾਨੀ ਨੇ ਰੂਹਾਨੀ ਵਜਦ ਵਿਚ ਆ ਕੇ ਬੋਲ ਉਚਾਰੇ:

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)

'ਸਿਰ' ਸੋਚ ਦਾ ਕੇਂਦਰ ਹੈ, ਦਿਮਾਗੀ ਟਿਕਾਣਾ। ਦਿਮਾਗ ਬਹੁਤ ਕੁਝ ਸਾਂਭ ਕੇ ਰੱਖਦਾ ਹੈ, 'ਗਿਆਨ ਵੀ ਅਗਿਆਨ ਵੀ, ਤਰਕ ਵੀ ਬਿਬੇਕ ਵੀ, ਆਸਤਿਕਤਾ ਵੀ ਨਾਸਤਿਕਤਾ ਵੀ, ਨਿਮਰਤਾ ਵੀ ਹਉਮੈਂ ਵੀ, ਧਰਮ ਵੀ ਅਧਰਮ ਵੀ, ਮਨਮਤ ਵੀ ਤੇ ਗੁਰਮਤਿ ਵੀ।' ਜਿਨ੍ਹਾਂ ਨੂੰ ਗੁਰਮਤਿ ਸਮਝ ਆਈ ਅਤੇ ਹਿਰਦੇ ਵਿਚ ਵੱਸ ਗਈ ਤਾਂ ਉਨ੍ਹਾਂ ਯੋਧਿਆਂ ਦੇ ਬੋਲ ਫ਼ਿਜ਼ਾਵਾਂ ਵਿਚ ਗੂੰਜ ਉਠੇ ਅਤੇ ਸਦਾ ਗੂੰਜਦੇ ਰਹਿਣਗੇ:-

'ਮੇਰਾ ਸਿਰ ਜਾਵੇ ਤਾਂ ਜਾਵੇ ਪਰ ਸਿੱਖੀ ਸਿਦਕ ਨਾ ਜਾਵੇ'

ਅਜਿਹੇ ਧਰਮੀਆਂ, ਸਿਦਕੀਆਂ ਦੇ ਸਿਰ ਫਿਰ 'ਸੀਸ' ਹੋ ਕੇ ਮਾਣ ਪਾਉਂਦੇ ਹਨ। 'ਸੀਸ' ਅਸੀਸ ਦਾ ਸੰਖੇਪ ਰੂਪ ਵੀ ਹੈ। ਭਾਵੇਂ ਸੀਸ ਤੇ ਸਿਰ ਸਮ-ਅਰਥੀ ਹਨ, ਪਰ ਹਰੇਕ ਸਿਰ ਸੀਸ ਨਹੀਂ ਬਣਦਾ ਭਾਵੇਂ ਸਿਰ ਸਾਰਿਆਂ ਦੇ ਹੀ ਹੁੰਦੇ ਹਨ। ਸੀਸ ਗੰਜ ਹੋਵੇ ਜਾਂ ਸੀਸੁ ਦੀਆ ਪਰ ਸਿਰਰੁ ਨ ਦੀਆ ਸ਼ਬਦ ਹੋਵੇ। ਕਈ ਵਾਰ ਜਾਪਦਾ ਜਿਨ੍ਹਾਂ ਨੇ ਸਿਦਕ ਨਿਭਾਉਂਦਿਆਂ ਸਿਰ ਵਾਰੇ ਉਨ੍ਹਾਂ ਨੂੰ ਸੀਸ ਦਾ ਰੁਤਬਾ ਅਸੀਸ ਰੂਪ ਵਿਚ ਕੌਮੀ ਵਾਰਸਾਂ ਵੱਲੋਂ ਦਿੱਤਾ ਗਿਆ ਹੋਵੇ।

'ਸਿਰ' ਮਨੁੱਖਾਂ ਦੇ ਹੀ ਨਹੀਂ ਸਗੋਂ ਸਭ ਜੀਵ-ਜੰਤੂਆਂ ਦੇ ਹਿੱਸੇ ਆਏ ਹਨ। ਉਹ ਸਾਰਾ ਦਿਨ ਸਿਰ ਭਿੜਾਉਂਦੇ ਹਨ। ਉਨ੍ਹਾਂ ਦੀ ਦੋਸਤੀ-ਦੁਸ਼ਮਣੀ ਸਿਰਾਂ ਉੱਪਰ ਖੜੀ ਹੈ। ਜ਼ਰੂਰੀ ਨਹੀਂ ਕਿ ਹਰ ਸਿਰ ਉੱਪਰ ਸਿੰਗ ਹੋਣ, ਕਈ ਬਿਨਾ ਸਿੰਗਾਂ ਤੋਂ ਵੀ ਸਾਰਾ ਦਿਨ ਭਿੜਦੇ ਹਨ। ਕਈਆਂ ਦੇ ਸਿਰਾਂ ਦਾ ਭੇੜ ਦੂਜਿਆਂ ਲਈ ਤਮਾਸ਼ਾ ਵੀ ਬਣਿਆ ਰਹਿੰਦਾ ਹੈ। ਅਸ਼ਰਧਕ ਤੇ ਅਗਿਆਨੀ ਹਮੇਸ਼ਾਂ ਸਿਰਾਂ ਦੇ ਭੇੜ ਵਿਚ ਰਹਿੰਦੇ ਹਨ। ਇਨ੍ਹਾਂ ਕੌਮ ਨੂੰ ਕਦੀ ਕੁਝ ਨਹੀਂ ਦਿੱਤਾ ਨਾ ਦੇਣਯੋਗ ਹਨ, ਨਾ ਦੇਣਗੇ। ਇਹ ਗੁਰੂ ਦੀ ਮੱਤ ਤੋਂ ਬਿਨਾਂ ਆਪਣੇ ਸਿਰਾਂ ਨਾਲ ਜਿਉਂਦੇ ਹਨ। ਕੇਵਲ ਤਰਕ, ਸ਼ੰਕੇ, ਬੇਲੋੜੇ ਮੁੱਦੇ, ਨਿਰਾਸ਼ਾਵਾਦ ਤੇ ਢਹਿੰਦੀ ਕਲਾ ਇਨ੍ਹਾਂ ਦੀ ਤੋਤੇ ਰੱਟਨੀ ਹੈ ਅਤੇ ਰਹੇਗੀ। ਬਹੁਗਿਣਤੀ

ਅਜਿਹੇ ਬੰਦਿਆਂ ਦੇ ਸਿਰ ਵੀ ਬਿਨਾਂ ਧਰਮ ਜਾਂ ਸ਼ਰਧਾ-ਭਾਵਨਾ ਤੋਂ ਹੀ ਜਹਾਨੋਂ ਕੂਚ ਕਰ ਜਾਂਦੇ ਹਨ। ਸ਼ਾਇਦ ਮਨੁੱਖ ਦੀ ਵਿਕਾਸ ਪ੍ਰਕਿਰਿਆ ਤੇ ਫਿਰ ਅੰਤਿਮ ਕਿਰਿਆ ਵਿਚ ਕਪਾਲ ਕਿਰਿਆ ਵੀ ਹੋਰਨਾਂ ਡਰਾਂ ਦੀ ਮੁਕਤੀ ਦੇ ਨਾਲ ਇਕ ਸੰਦੇਸ਼ ਵੀ ਸੀ ਕਿ ਇਹ ਸਿਰ ਅਗਨ ਭੇਂਟ ਹੋ ਕੇ ਆਹੋ ਕੁਝ ਹੈ। ਜੇ ਇਸ ਸਿਰ ਵਿਚ ਦੈਵੀ ਪੁਰਸ਼ਾਂ ਦੀ, ਗੁਰੂਆਂ-ਪੈਗੰਬਰਾਂ ਦੀ ਮੱਤ ਹੋਵੇ ਤਾਂ ਕਪਾਲ ਕਿਰਿਆ ਵਰਗੇ ਫੋਕਟ ਕਰਮਾਂ ਤੋਂ ਉੱਪਰ ਉੱਠ ਕੇ ਇਨਸਾਨ ਗੁਰੂ ਦੀ ਮੱਤ ਨਾਲ ਜੀਵੇਗਾ, ਕਿਉਂਕਿ ਜਿਸ ਸਿਰ ਉੱਪਰ ਗੁਰੂ ਦੀ ਰਹਿਮਤ, ਬਖਸ਼ਿਸ਼ ਹੋਵੇ ਉਹ ਸੀਸ ਹੋ ਕੇ ਸੰਸਾਰ ਵਿਚ ਸਤਿਕਾਰ ਪਾਉਂਦਾ ਹੈ। ਗੁਰੂ ਦੇ ਦਰ 'ਤੇ ਸਿਰ ਮੰਗੇ ਗਏ ਤਾਂ ਗੁਰੂ ਭੇਟ ਹੋਏ ਸਿਰ ਫਿਰ ਪਿਆਰਿਆਂ ਦੇ ਸੀਸ ਬਣ ਕੇ ਸਾਹਮਣੇ ਆਏ। ਸਦੀਵ-ਕਾਲ ਅਮਰ, ਅਜਿਹੇ ਗੁਰਮਤੀ ਸੀਸ ਵਾਲੇ ਬੇਅੰਤ ਸਿੰਘਾਂ-ਸਿੰਘਣੀਆਂ ਨੂੰ ਅਸੀਂ ਰੋਜ਼ਾਨਾ ਅਰਦਾਸ ਵਿਚ ਯਾਦ ਕਰਦੇ ਹਾਂ, "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ..।" ਫਿਰ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਵਾਹਿਗੁਰੂ ਬੋਲਦੇ ਹਾਂ।

ਗੁਰੂ-ਵਰੋਸਾਈਆਂ ਰੂਹਾਂ ਦੇ ਸੀਸ ਬੰਦਗੀ, ਭਰੋਸਾ ਤੇ ਬਿਬੇਕ ਭਰਪੂਰ ਹੁੰਦੇ ਹਨ। ਇਹ ਸੀਸ ਹੀ ਯੋਧੇ, ਸੂਰਬੀਰ ਭਗਤ, ਵਿਦਯਾਵਾਨ, ਸਾਧੂ, ਸੰਤ, ਬ੍ਰਹਮ ਗਿਆਨੀ ਦੇ ਰੂਪ ਵਿਚ ਕੌਮਾਂ ਦਾ ਮਾਣ ਬਣਦੇ ਹਨ। ਅਜਿਹੇ ਸੀਸਾਂ ਨੂੰ ਵਿਸ਼ੇਸ਼ਣ ਫਿਰ ਕੌਮੀ ਵਾਰਸ ਦਿੰਦੇ ਹਨ। ਅਜਿਹੇ ਸੀਸ ਹੀ ਗੁਰੂ ਦਰ 'ਤੇ ਪ੍ਰਵਾਨ ਹੋਣ ਲਈ ਪੁਕਾਰਦੇ ਹਨ:

**-ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੪)

**-ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥**
**ਸੀਸੁ ਵਢੇ ਕਰਿ ਬੈਸਣਿ ਦੀਜੈ ਵਿਣੁ ਸਿਰ ਸੇਵ ਕਰੀਜੈ॥** (ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੮)

ਅਜਿਹੇ ਬੇਅੰਤ ਪ੍ਰਮਾਣ ਸਤਿਗੁਰਾਂ ਨੇ ਸਿਰ ਜਾਂ ਸੀਸ ਲਈ ਗੁਰਬਾਣੀ ਵਿਚ ਬਖਸ਼ਿਸ਼ ਕੀਤੇ ਹਨ। ਗੁਰੂ ਦੀ ਮੱਤ ਵਾਲੇ ਸੀਸ ਦੀ ਪੁਕਾਰ ਵਿਸ਼ੇਸ਼ ਭਾਵਅਰਥਾਂ ਦੀ ਲਖਾਇਕ ਹੁੰਦੀ ਹੈ। ਅਜਿਹੇ ਸੀਸ ਜ਼ੁਲਮ ਲਈ ਵੰਗਾਰ ਬਣਦੇ ਹਨ, ਇਹੋ ਸੀਸ ਇਤਿਹਾਸ ਦਾ ਸ਼ਿੰਗਾਰ ਬਣਦੇ ਹਨ। ਅਜਿਹੇ ਸੀਸਾਂ ਦਾ ਸਦਾ ਸਤਿਕਾਰ ਹੁੰਦਾ ਹੈ ਅਤੇ ਜੈ-ਜੈਕਾਰ ਹੁੰਦੀ ਹੈ। ਅਜਿਹੇ ਸੀਸਾਂ ਬਾਰੇ ਕੁਝ ਮਨ ਦੇ ਵਲਵਲੇ ਹਨ:

ਹੈ ਦੁਨੀਆਂ ਵਿਚ ਵੰਗਾਰ ਸੀਸ
ਹੈ ਹੱਕਾਂ ਲਈ ਲਲਕਾਰ ਸੀਸ
ਹੈ ਯਾਰ ਦੀ ਗਲੀ ਪਿਆਰ ਸੀਸ
ਹੈ ਯੋਧਿਆਂ ਦਾ ਸ਼ਿੰਗਾਰ ਸੀਸ
ਹੈ ਢਾਲ ਸੀਸ ਤਲਵਾਰ ਸੀਸ
ਹੈ ਦੁਨੀਆਂ ਦਾ ਸਤਿਕਾਰ ਸੀਸ
ਹੈ ਜ਼ਿੰਦਗੀ ਵਿਚ ਵੀਚਾਰ ਸੀਸ
ਹੈ ਯੁੱਧ ਸੀਸ ਤਕਰਾਰ ਸੀਸ ਹੈ ਜਿੱਤ ਸੀਸ ਹੈ ਹਾਰ ਸੀਸ
ਇਕਨਾ ਲਈ ਤਨ 'ਤੇ ਭਾਰ ਸੀਸ ਇਕਨਾ ਲਈ ਮਿੱਤਰ ਯਾਰ ਸੀਸ
ਗੁਰੂ ਨਦਰ ਪਏ ਇੱਕ ਵਾਰ ਸੀਸ ਉਹ ਸੀਸ ਬਣੇ ਸਿਰਦਾਰ ਸੀਸ
ਉਹ ਨਹੀਂ ਹੁੰਦਾ ਝੁਕਣਹਾਰ ਸੀਸ ਉਹ ਕੌਮ ਲਈ ਜਾਏ ਵਾਰ ਸੀਸ
ਜੋ ਕੌਮ ਲਈ ਜਾਂਦੇ ਵਾਰ ਸੀਸ ਉਹਨਾਂ ਨੂੰ ਪਾਉਂਦੇ ਹਾਰ ਸੀਸ
ਉਥੇ ਆ ਝੁਕਦੇ ਸੰਸਾਰ ਸੀਸ ਇਤਿਹਾਸ ਦੇ ਉਹ ਸ਼ਿੰਗਾਰ ਸੀਸ
ਉਥੇ ਕਰਦੇ ਨਮਸਕਾਰ ਸੀਸ ਉਹ ਪੂਜਣਯੋਗ ਮੀਨਾਰ ਸੀਸ
ਸਭ ਕਹਿਣ ਪੁਕਾਰ ਪੁਕਾਰ ਸੀਸ ਹਰ ਯੁੱਗ ਵਿਚ ਜੈ-ਜੈਕਾਰ ਸੀਸ

ਹਰ ਯੁੱਗ ਵਿਚ ਜੈ-ਜੈਕਾਰ ਸੀਸ

ਇਸ ਜੈ-ਜੈਕਾਰਤਾ ਦਾ ਹੀ ਜਲੌ ਪ੍ਰਤਾਪ ਹੈ ਕਿ ਅਸੀਂ ਮਹਾਨ ਸ਼ਹੀਦ, ਸਿਦਕੀ ਮਰਜੀਵੜੇ ਭਾਈ ਤਾਰੂ ਸਿੰਘ ਜੀ ਦਾ ਜਨਮ ਦਿਨ-ਤ੍ਰੈ ਸ਼ਤਾਬਦੀ ਸਮਾਗਮ ਦੇ ਰੂਪ ਵਿਚ ਮਨਾ ਰਹੇ ਹਾਂ। ਉਹ ਭਾਈ ਵੀ ਸਨ, ਤਾਰੂ ਵੀ ਤੇ ਸਿੰਘ ਵੀ।

ਉਨ੍ਹਾਂ ਨਿਰਭਉਤਾ ਤੇ ਨਿਰਵੈਰਤਾ ਦੇ ਗੁਰਬਾਣੀ ਰੂਪੀ ਦੈਵੀ ਸੰਦੇਸ਼ ਨੂੰ ਪੜ੍ਹ-ਸੁਣ ਕੇ ਅਤੇ ਫਿਰ ਜੀਵਨ ਵਿਚ ਕਮਾ ਕੇ ਉੱਚ ਰੁਤਬਾ ਪਾਇਆ। ਉਹ ਕੌਮੀ ਪਰਵਾਨਿਆਂ ਨੂੰ ਸਕੇ ਭਾਈ ਲੱਗਦੇ ਹਨ। ਇਹ ਮੋਹ ਦੀਆਂ ਤੰਦਾਂ ਦੇ ਸ਼ਬਦ ਹਨ। ਜਿਸ ਕੌਮ ਦਾ ਧਰਮੀ ਬਾਬਲ ਕਲਗੀਧਰ ਮਹਾਰਾਜ, ਧਰਮ ਮਾਤਾ ਸਾਹਿਬ ਕੌਰ ਜੀ ਤੇ ਵਾਸੀ ਅਨੰਦਪੁਰ ਸਾਹਿਬ ਦੇ ਹੋਣ, ਉਨ੍ਹਾਂ ਦੇ ਮੁਖੋਂ ਭਾਈ ਸ਼ਬਦ ਹੋਰ ਵੀ ਪਿਆਰਾ ਬਣ ਜਾਂਦਾ। ਫਿਰ ਅੱਧੇ ਅਧੂਰਿਆਂ ਨੂੰ ਭਾਈ ਬਣਨ ਦਾ ਸੰਦੇਸ਼ ਵੀ ਦਿੰਦਾ ਹੈ।

ਤਵਾਰੀਖ ਗਵਾਹ ਹੈ ਕਿ ਨਾਨਕ ਨਿਰਮਲ ਪੰਥ, ਤੀਸਰ ਪੰਥ, ਨਿਆਰਾ ਪੰਥ, ਖ਼ਾਲਸਾ ਪੰਥ ਦੇ ਯੋਧੇ ਜਦ ਸ਼ਹਾਦਤ ਦਾ ਸਾਗਰ ਤਰਦੇ ਤਾਂ ਗੁਰੂ ਭਰੋਸਾ, ਗੁਰਬਾਣੀ, ਗੌਰਵਮਈ ਇਤਿਹਾਸ ਤੇ ਅਰਦਾਸ ਕਰਦੇ ਹੋਏ ਖਿੜੇ ਮੱਥੇ, ਚੜ੍ਹਦੀ ਕਲਾ 'ਚ ਵਿਦਾ ਹੁੰਦੇ। ਭਾਈ ਤਾਰੂ ਸਿੰਘ ਜੀ ਨੇ ਤਾਰੂ ਬਣ ਕੇ ਸ਼ਹਾਦਤ ਦੇ ਸਾਗਰ ਨੂੰ ਤਰਿਆ। ਉਹ ਜ਼ੁਲਮ ਨਾਲ ਟਕਰਾਇਆ। ਉਹ ਮਨਤਾਰੂਆਂ ਤੇ ਅਨਤਾਰੂਆਂ ਦਾ ਰੋਲ-ਮਾਡਲ ਹੈ। ਉਸ ਦੇ ਸਿੰਘਪੁਣੇ ਦੀ ਗਰਜ ਅੱਜ ਵੀ ਫ਼ਿਜ਼ਾਵਾਂ ਵਿਚ ਹੈ। ਸਿੰਘਊਪੁਣਾ-ਇਕ ਸੋਚ, ਸਿਦਕ ਤੇ ਸਿੱਖੀ ਨੂੰ ਸਮਰਪਿਤ ਭਾਵਨਾ ਦਾ ਨਾਂ ਹੈ। ਜਾਲਮ ਲੋਕਾਂ ਨੇ ਉਸ ਦੇ ਸਿੰਘਊ ਸਰੂਪ ਭਾਵ ਕਲਗੀਧਰ ਪਾਤਸ਼ਾਹ ਜੀ ਦੀ ਮੋਹਰ ਨੂੰ ਕੱਟਣਾ ਚਾਹਿਆ ਪਰ ਕੱਟ ਨਾ ਸਕੈ। ਕੇਸਾਂ ਦੀ ਉਪਜਾਊ ਧਰਤੀ ਇਨਸਾਨੀ ਖੋਪਰੀ ਹੈ। ਖੋਪਰੀ ਹੇਠਾਂ ਸਿਦਕੀ ਸੋਚ, ਗੁਰੂ ਭਰੋਸਾ, ਆਤਮ-ਵਿਸ਼ਵਾਸ ਤੇ ਨਿਆਰੇਪਨ ਦਾ ਚਾਉ ਸੀ । ਭਾਈ ਤਾਰੂ ਸਿੰਘ ਜੀ ਨੇ ਖੋਪਰ ਦਾ ਦੀਵਾ ਬਾਲਿਆ, ਵਿਚ ਸਿਦਕ ਦੀ ਵੱਟੀ ਤੇ ਰੱਤ ਰੂਪੀ ਤੇਲ ਪਾਇਆ, ਜੋ ਜੁਗਾਂ-ਜੁਗਾਂਤਰਾਂ ਤਕ ਪੰਥਕ ਮਾਰਗ ਦੇ ਪਾਂਧੀਆਂ ਲਈ ਚਾਨਣ-ਮੁਨਾਰਾ ਹੈ ਅਤੇ ਸਹੀ ਮਾਰਗ ਤੋਂ ਭੁੱਲੇ-ਭਟਕਿਆਂ ਦੀ ਵੀ ਰਾਹ-ਰੁਸ਼ਨਾਈ ਕਰਦਾ ਰਹੇਗਾ।

ਕੌਮਾਂ ਦੇ ਇਤਿਹਾਸ ਬਹਾਦਰ ਯੋਧੇ, ਸਿਦਕੀ ਤੇ ਬੰਦਗੀ ਵਾਲੀਆਂ ਰੂਹਾਂ ਸਿਰਜਦੀਆਂ ਹਨ। ਇਨ੍ਹਾਂ ਉੱਪਰ ਖੋਜਾਂ ਹੁੰਦੀਆਂ ਰਹਿਣਗੀਆਂ। ਕਵੀ, ਕਥਾਕਾਰ, ਇਤਿਹਾਸਕਾਰ, ਸਾਹਿਤਕਾਰ ਨਵੇਂ-ਨਵੇਂ ਸ਼ਬਦ ਸਿਰਜਦੇ ਰਹਿਣਗੇ, ਇਹੋ ਹੀ ਮਹਾਨ ਕੁਰਬਾਨੀਆਂ ਦੇ ਰਹੱਸ ਹੁੰਦੇ ਹਨ। ਅਜਿਹੇ ਯੋਧਿਆਂ ਨੂੰ ਜਨਮ ਦੇਣ ਵਾਲੇ ਮਾਪੇ ਅਤੇ ਨਗਰ, ਪਿੰਡ, ਕਸਬੇ ਧੰਨਤਾਯੋਗ ਹਨ। ਪਿੰਡ ਪੂਹਲਾ ਕੇਵਲ ਧਰਤੀ ਦੇ ਟੋਟੇ ਉੱਪਰ ਉੱਸਰਿਆ ਇੱਕ ਪਿੰਡ ਹੀ ਨਹੀਂ, ਸਗੋਂ ਮਹਾਨ ਇਤਿਹਾਸ ਦਾ ਗੌਰਵਮਈ ਹਿੱਸਾ ਹੈ। ਇਸ ਦੇ ਵੱਟਾਂ ਬੰਨਿਆਂ ਅਤੇ ਰਾਹਾਂ ਪਗਡੰਡੀਆਂ ਵਿੱਚੋਂ ਕੋਈ ਸੰਦੇਸ਼ ਵੀ ਮਿਲਦਾ ਹੈ। ਇੱਥੇ ਧਰਮੀ ਤੇ ਭਾਵਨਾ ਵਾਲੇ ਹਿਰਦੇ ਸਦਾ ਸਿਜਦੇ ਕਰਦੇ ਰਹਿਣਗੇ। ਇਤਿਹਾਸਿਕ ਸਥਾਨ ਪੂਹਲਾ ਪਿੰਡ ਹੋਵੇ ਜਾਂ ਲਹੌਰ ਦਾ ਨਖ਼ਾਸ ਚੌਕ, ਅਦ੍ਰਿਸ਼ਟ ਰੂਪ ਵਿਚ ਬਹੁਤ ਕੁਝ ਗਵਾਹੀਆਂ ਦੇ ਰਿਹਾ ਹੈ। ਸੁਣਨ ਵੇਲੇ ਸਾਰੇ ਸਿਰਾਂ ਉੱਪਰਲੇ ਕੰਨ ਸੁਣਨਯੋਗ ਨਹੀਂ ਹੁੰਦੇ, ਜੋ ਸੁਣ ਲੈਂਦੇ ਹਨ ਉਹ ਕੇਸਾਂ ਨੂੰ ਕੈਂਚੀ ਨਹੀਂ ਛੂਹਣ ਦਿੰਦੇ । ਭਾਈ ਤਾਰੂ ਸਿੰਘ ਜੀ ਦੀ ਯਾਦ ਦੀ ਇਹੋ ਕਰਾਮਾਤ ਹੈ। ਸਿੱਖੀ ਸਰੂਪ ਵਿਚ ਸੱਜਿਆ-ਫੱਬਿਆ ਨੌਜਵਾਨ ਭਾਈ ਤਾਰੂ ਸਿੰਘ ਦਾ ਅਸਲ ਵਾਰਸ ਕਹਾਉਂਦਾ ਹੈ। ਇਹ ਸਰੂਪ ਦਾ ਸਵੈਮਾਣ ਹੀ ਸਿਦਕ ਦੀਆਂ ਗੰਢਾਂ ਹਨ। ਉਸ ਮਹਾਨ ਯੋਧੇ ਦੇ ਮਹਾਨ ਸਿੱਖੀ ਜੀਵਨ ਨੂੰ ਨਮਸਕਾਰ ਹੈ। ਜੁਗਾਂ-ਜੁਗਾਂਤਰਾਂ ਤਕ ਢਾਡੀ/ਕਵੀਸ਼ਰ ਵਾਰਾਂ ਗਾਉਂਦੇ ਰਹਿਣਗੇ। ਇਹ ਬੀਰ-ਰਸੀ ਕਥਾਵਾਂ ਹੀ ਪਤਿਤਪੁਣੇ ਦੇ ਹਨੇਰੇ ਵਿਚ ਸਿਦਕੀ ਰੋਸ਼ਨੀ ਦੀਆਂ ਲਾਟਾਂ ਹਨ। ਜਿਸ ਕੌਮੀ ਮਹੱਲ ਦੇ ਥੰਮ੍ਹ ਏਨੇ ਮਜਬੂਤ ਹੋਣ, ਉਸ ਦੀ ਹੋਂਦ ਨੂੰ ਕਦੀ ਖ਼ਤਰਾ ਨਹੀਂ ਹੁੰਦਾ। ਇਹ ਥੰਮ੍ਹ ਹੀ ਡੋਲਦੇ ਵਿਚਾਰਾਂ ਨੂੰ ਥੰਮ੍ਹ ਕੇ ਰੱਖਦੇ ਹਨ। ਆਓ, ਸਿਰਾਂ ਨੂੰ ਸੀਸ ਬਣਾਈਏ ਤੇ ਗੁਰੂ ਦੇ ਸਿਦਕੀ ਸਿੱਖ ਬਣ ਕੇ ਕੌਮੀ ਸੰਦੇਸ਼ ਨੂੰ ਧਾਰਨ ਕਰੀਏ ਅਤੇ ਘਰ ਘਰ ਤਕ ਪਹੁੰਚਾਈਏ ! ਬਿਬੇਕਸ਼ੀਲਤਾ, ਆਸ਼ਾਵਾਦ ਤੇ ਚੜ੍ਹਦੀ ਕਲਾ ਸਾਡਾ ਵਿਵਹਾਰ ਰਹੇ, ਗੁਰੂ ਭਰੋਸਾ ਤੇ ਬਾਣੀ-ਬਾਣੇ ਨਾਲ ਸਦਾ ਪਿਆਰ ਰਹੇ, ਅਜਿਹੇ ਸਿਦਕੀਆਂ ਦੀ ਸਦਾ ਜੈ-ਜੈਕਾਰ ਰਹੇ, ਇਹੋ ਗੌਰਵਮਈ ਇਤਿਹਾਸ ਦਾ ਤੱਤਸਾਰ ਤੇ ਮਹਾਨ ਸੰਦੇਸ਼ ਹੈ ! !

# ਜਥੇਦਾਰ ਜੱਸਾ ਸਿੰਘ ਜੀ ਆਹਲੂਵਾਲੀਆ
# (੧੭੧੮-੧੭੮੩)

-ਡਾ. ਰਤਨ ਸਿੰਘ ਜੱਗੀ

ਆਹਲੂਵਾਲੀਆ ਮਿਸਲ ਦੇ ਸੰਸਥਾਪਕ ਜਥੇਦਾਰ ਜੱਸਾ ਸਿੰਘ ਜੀ ਦਾ ਜਨਮ ਲਾਹੌਰ ਨਗਰ ਦੇ ਨੇੜੇ ਸਥਿਤ 'ਆਹਲੂ' ਵਿਚ ਸ. ਬਦਰ ਸਿੰਘ ਦੇ ਘਰ ੩ ਮਈ ੧੭੧੮ ਈ. ਨੂੰ ਹੋਇਆ। ਜਦੋਂ ਅਜੇ ਇਹ ਪੰਜ ਸਾਲਾਂ ਦਾ ਸੀ, ਤਾਂ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਇਸ ਦੀ ਧਰਮਾਤਮਾ ਮਾਂ ਨੇ ਆਪਣੇ ਭਰਾ ਸ. ਬਾਘ ਸਿੰਘ ਦੀ ਮਦਦ ਨਾਲ ਬਾਲਕ ਜੱਸਾ ਸਿੰਘ ਜੀ ਨੂੰ ਦਿੱਲੀ ਮਾਤਾ ਸੁੰਦਰ ਕੌਰ ਜੀ ਦੀ ਸੇਵਾ ਵਿਚ ਪਹੁੰਚਾਇਆ। ਮਾਤਾ ਸੁੰਦਰ ਕੌਰ ਜੀ ਨੇ ਇਸ ਦਾ ਪਾਲਣ-ਪੋਸ਼ਣ ਆਪਣੇ ਪੁੱਤਰ ਵਾਂਗ ਕੀਤਾ। ਇਸ ਨੇ ਸ਼ਸਤ੍ਰ ਚਲਾਉਣ ਵਿਚ ਜਲਦੀ ਹੀ ਮੁਹਾਰਤ ਹਾਸਲ ਕਰ ਲਈ ਅਤੇ ਅਰਬੀ ਫ਼ਾਰਸੀ ਵੀ ਪੜ੍ਹ ਲਈ। ਸੱਤ ਸਾਲ ਦਿੱਲੀ ਰਹਿਣ ਦੌਰਾਨ ਇਹ ਮੁਖੀ ਸਿੱਖਾਂ ਦੇ ਸੰਪਰਕ ਵਿਚ ਆਇਆ। ਮਾਤਾ ਸੁੰਦਰ ਕੌਰ ਜੀ ਨੇ ਵਿਦਾਇਗੀ ਵੇਲੇ ਇਸ ਨੂੰ ਇਕ ਕ੍ਰਿਪਾਨ, ਇਕ ਗੁਰਜ, ਇਕ ਢਾਲ, ਇਕ ਕਮਾਨ ਅਤੇ ਤੀਰਾਂ ਦਾ ਭਰਿਆ ਹੋਇਆ ਭੱਥਾ, ਇਕ ਖ਼ਿਲਤ ਅਤੇ ਇਕ ਚਾਂਦੀ ਦੀ ਚੋਬ ਪ੍ਰਦਾਨ ਕੀਤੀ, ਇਹ ਸੋਚ ਕੇ ਕਿ ਇਸ ਨੇ ਭਵਿੱਖ ਵਿਚ ਸੱਤਾਧਾਰੀ ਹੋਣਾ ਹੈ।

ਪੰਜਾਬ ਵਿਚ ਪਹੁੰਚ ਕੇ ਇਹ ਨਵਾਬ ਕਪੂਰ ਸਿੰਘ ਦੇ ਜਥੇ ਵਿਚ ਸ਼ਾਮਲ ਹੋ ਗਿਆ। ਤੀਬਰ ਬੁੱਧੀ ਅਤੇ ਅਦਭੁੱਤ ਦਲੇਰੀ ਕਾਰਨ ਇਹ ਨਵਾਬ ਕਪੂਰ ਸਿੰਘ ਦੇ ਬਹੁਤ ਨੇੜੇ ਹੋ ਗਿਆ। ਉਸ ਨੇ ਉਸ ਨੂੰ ਆਪਣੇ ਪੁੱਤਰ ਵਾਂਗ ਪਾਲਿਆ। ਸੰਨ ੧੭੪੮ ਈ. ਵਿਚ ਸ. ਕਪੂਰ ਸਿੰਘ ਨਾਲ ਰਲ ਕੇ ਇਨ੍ਹਾਂ ਦੀ ਸੈਨਾ ਨੇ ਅਹਿਮਦ ਸ਼ਾਹ ਦੁਰਾਨੀ ਦੇ ਲਸ਼ਕਰ ਉੱਤੇ 'ਨੂਰ ਦੀ ਸਰਾਂ' ਅਤੇ ਵੈਰੋਵਾਲ ਦੇ ਨੇੜੇ ਗੁਰੀਲਾ ਹਮਲੇ ਕਰਕੇ ਬਹੁਤ ਤੰਗ ਕੀਤਾ ਅਤੇ ਅੰਮ੍ਰਿਤਸਰ ਦੇ ਮੁਗ਼ਲ ਹਾਕਮ ਸਲਾਬਤ ਖ਼ਾਨ ਨੂੰ ਹਰਾਇਆ। ਇਸੇ ਸਾਲ ਵੈਸਾਖੀ ਦੇ ਮੌਕੇ 'ਤੇ ਅੰਮ੍ਰਿਤਸਰ ਵਿਚ ਜੁੜੇ ਸਰਬੱਤ ਖ਼ਾਲਸਾ ਨੇ ੬੫ ਜਥਿਆਂ ਨੂੰ ੧੧ ਮਿਸਲਾਂ (ਫੂਲਕੀਆ ਤੋਂ ਬਿਨਾ) ਵਿਚ ਵੰਡਿਆ ਅਤੇ ਜਥੇਦਾਰ ਜੱਸਾ ਸਿੰਘ ਜੀ ਨੂੰ ਉਸ ਦਾ ਸੈਨਾ-ਨਾਇਕ ਥਾਪਿਆ। ੭ ਅਕਤੂਬਰ ੧੭੫੩ ਈ. ਨੂੰ ਨਵਾਬ ਕਪੂਰ ਸਿੰਘ ਦੇ ਦੇਹਾਂਤ ਤੋਂ ਬਾਦ ਇਹ ਸਿੱਖ ਕੌਮ ਦਾ ਸ਼੍ਰੋਮਣੀ ਸਰਦਾਰ (ਬਾਦਸ਼ਾਹ) ਬਣਿਆ ਅਤੇ ਲੱਗਭਗ ਇਕ ਮਹੀਨੇ ਬਾਦ ਲਾਹੌਰ ਦੇ ਸੂਬੇਦਾਰ ਮੀਰ ਮੰਨੂੰ ਦੇ ਮਰਨ ਉਪਰੰਤ ਇਸ ਨੇ ਮੱਧ ਪੰਜਾਬ ਵਿਚ ਆਪਣਾ ਦਬਦਬਾ ਵਧਾਇਆ ਅਤੇ ਪ੍ਰਜਾ ਤੋਂ 'ਰਾਖੀ ਪ੍ਰਣਾਲੀ' ਅਨੁਸਾਰ ਲਗਾਨ ਅਤੇ ਨਜ਼ਰਾਨਾ ਵਸੂਲ ਕਰਨਾ ਸ਼ੁਰੂ ਕੀਤਾ। ਸੰਨ ੧੭੫੭ ਈ. ਵਿਚ ਇਸ ਨੇ ਅਹਿਮਦ ਸ਼ਾਹ ਦੁਰਾਨੀ ਦੁਆਰਾ ਲਾਹੌਰ ਦੇ ਸੂਬੇਦਾਰ ਵਜੋਂ ਸਥਾਪਿਤ ਆਪਣੇ ਪੁੱਤਰ ਤੈਮੂਰ ਸ਼ਾਹ ਦੀ ਫ਼ੌਜ ਉੱਤੇ ਪਿਛਲੇ ਪਾਸਿਓਂ ਹਮਲਾ ਕੀਤਾ ਅਤੇ ਕਰਤਾਰਪੁਰ ਤੋਂ ਲੁਟ ਕੇ ਲਿਆ ਰਹੇ ਸਾਰੇ ਸਮਾਨ ਨੂੰ ਖੋਹ ਲਿਆ।

ਦੁਰਾਨੀ ਵੱਲੋਂ ਕੀਤੇ ਹਿੰਦੋਸਤਾਨ ਉਤੇ ਪੰਜਵੇਂ ਹਮਲੇ ਵੇਲੇ ਜਦੋਂ ਉਹ ਮਰਹਟਿਆਂ ਨੂੰ ਪਰਾਜਿਤ ਕਰਕੇ ਅੰਮ੍ਰਿਤਸਰ ਕੋਲੋਂ ਲੰਘ ਰਿਹਾ ਸੀ ਤਾਂ ਮਾਰਚ ੧੭੬੧ ਈ. ਵਿਚ ਇਸ ਨੇ ਉਸ ਦੀ ਫ਼ੌਜ ਉਤੇ ਅਚਾਨਕ ਹਮਲਾ ਕਰਕੇ ਪਕੜ ਕੇ ਲੈ ਜਾਈਆਂ ਜਾ ਰਹੀਆਂ ੨੨੦੦ ਇਸਤਰੀਆਂ ਨੂੰ ਮੁਕਤ ਕਰਾ ਕੇ ਘਰੋ-ਘਰੀ ਪਹੁੰਚਾਇਆ। ਸਤੰਬਰ ੧੭੬੧ ਈ. ਵਿਚ ਇਸ ਨੇ ਸ਼ੁਕਰਚੱਕੀਆ, ਕਨ੍ਹੀਆ ਤੇ ਭੰਗੀ ਮਿਸਲਾਂ ਦੀਆਂ ਫ਼ੌਜਾਂ ਨੂੰ ਲੈ ਕੇ ਲਾਹੌਰ ਦੇ ਅਫਗਾਨ ਸੂਬੇਦਾਰ ਖਵਾਜਾ ਉਬੇਦ ਖ਼ਾਨ ਨੂੰ ਗੁਜਰਾਂਵਾਲੇ ਦੇ ਨੇੜੇ ਲਕ ਤੋੜਵੀਂ ਹਾਰ ਦਿੱਤੀ ਅਤੇ ਲਾਹੌਰ ਤਕ ਉਸ ਦਾ ਪਿੱਛਾ ਕਰਕੇ ਕਿਲ੍ਹੇ ਉਤੇ ਕਬਜਾ ਕਰ ਲਿਆ। ਇਸ ਤੋਂ ਬਾਅਦ ਇਸ ਨੂੰ 'ਸੁਲਤਾਨ-ਉਲ-ਕੌਮ' ਘੋਸ਼ਿਤ ਕਰਕੇ ਖ਼ਾਲਸੇ ਦਾ

ਸਿੱਕਾ ਚਲਾਇਆ ਗਿਆ। ਜਦੋਂ ਦੁਰਾਨੀ ਨੂੰ ਇਸ ਦਾ ਸਮਾਚਾਰ ਮਿਲਿਆ ਤਾਂ ਉਸ ਨੇ ਸੰਨ ੧੭੬੨ ਈ. ਵਿਚ ਇਕ ਵੱਡੇ ਲਸ਼ਕਰ ਨਾਲ ਹਿੰਦੋਸਤਾਨ ਉਪਰ ਹਮਲਾ ਕੀਤਾ। ਉਦੋਂ ਖ਼ਾਲਸਾ ਪੰਥ ਦੇ ਸਰਦਾਰ ਆਪਣੀ ਸੈਨਾ ਅਤੇ ਪਰਿਵਾਰਾਂ ਸਹਿਤ ਮਲੇਰਕੋਟਲੇ ਦੇ ਨੇੜੇ 'ਕੁਪ-ਰਹੀੜਾ' ਪਾਸ ਠਹਿਰੇ ਹੋਏ ਸਨ। ਦੁਰਾਨੀ ਨੇ ਇਕ ਵੱਡੀ ਫ਼ੌਜ ਸਹਿਤ ਲਾਹੌਰੋਂ ੩੬ ਘੰਟਿਆਂ ਵਿਚ ੨੫੦ ਕਿ. ਮੀ. ਸਫਰ ਕੀਤਾ ਅਤੇ ਸਿੱਖਾਂ ਦੀ ਵਹੀਰ ਉਤੇ ਟੁੱਟ ਪਿਆ। ਜਥੇਦਾਰ ਜੱਸਾ ਸਿੰਘ ਜੀ ਦੀ ਅਗਵਾਈ ਵਿਚ ਸਿੱਖ ਲੜਦੇ ਵੀ ਜਾ ਰਹੇ ਸਨ ਅਤੇ ਆਪਣੀ ਵਹੀਰ ਨੂੰ ਬਰਨਾਲੇ ਵਾਲੇ ਪਾਸੇ ਤੋਰੀ ਵੀ ਜਾ ਰਹੇ ਸਨ। ਦੁਰਾਨੀ ਦੇ ਇਸ ਹਮਲੇ ਵਿਚ ੨੫,੦੦੦-੩੦,੦੦੦ ਤੋਂ ਅਧਿਕ ਸਿੱਖ ਸੈਨਿਕ, ਇਸਤਰੀਆਂ, ਬਜ਼ੁਰਗ ਅਤੇ ਬੱਚੇ ਮਾਰੇ ਗਏ ਸਨ। ਇਸ ਘਟਨਾ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘਲੂਘਾਰਾ' ਕਿਹਾ ਜਾਂਦਾ ਹੈ। ਇਸ ਲੜਾਈ ਵਿਚ ਜਥੇਦਾਰ ਜੱਸਾ ਸਿੰਘ ਜੀ ਨੇ ਆਪਣੇ ਸ਼ਰੀਰ ਉਪਰ ੨੨ ਜ਼ਖ਼ਮ ਖਾਏ ਸਨ। ਦੁਰਾਨੀ ਨੇ ਪਰਤ ਕੇ ਅੰਮ੍ਰਿਤਸਰ ਉਤੇ ਹਮਲਾ ਕੀਤਾ ਅਤੇ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਬਾਰੂਦ ਨਾਲ ਉਡਾਇਆ। ਜਥੇਦਾਰ ਜੱਸਾ ਸਿੰਘ ਜੀ ਨੇ ਬੜੀ ਸਿਆਨਪ ਨਾਲ ਖ਼ਾਲਸੇ ਨੂੰ ਪੁਨਰ-ਗਠਿਤ ਕੀਤਾ ਅਤੇ ਦੋ ਸਾਲ ਬਾਦ ੧੪ ਜਨਵਰੀ ੧੭੬੪ ਈ. ਨੂੰ ਸਰਹੰਦ ਉਤੇ ਹਮਲਾ ਕਰਕੇ ਅਫ਼ਗਾਨ ਫ਼ੌਜਦਾਰ ਜ਼ੈਨ ਖ਼ਾਨ ਨੂੰ ਮਾਰ ਦਿੱਤਾ ਅਤੇ ਨਗਰ ਨੂੰ ਨਸ਼ਟ ਕਰ ਦਿੱਤਾ।

ਇਸ ਤੋਂ ਬਾਦ ਖ਼ਾਲਸੇ ਨੇ ਜਮਨਾ ਪਾਰ ਦੇ ਇਲਾਕਿਆਂ ਉਤੇ ਹਮਲੇ ਕੀਤੇ ਅਤੇ ਦਿੱਲੀ ਤੱਕ ਜਾ ਪਹੁੰਚੇ। ੧੭ ਅਪ੍ਰੈਲ ੧੭੬੫ ਈ. ਵਿਚ ਜਦੋਂ ਦੁਰਾਨੀ ਫਿਰ ਹਿੰਦੋਸਤਾਨ ਉਤੇ ਚੜ੍ਹ ਕੇ ਆਇਆ ਤਾਂ ਉਸ ਦਾ ਦਮਖਮ ਛੀਣ ਹੋ ਚੁੱਕਿਆ ਸੀ। ਉਸ ਨੇ ਸਿੱਖਾਂ ਨਾਲ ਸ਼ਾਂਤੀ ਕਾਇਮ ਕਰਨ ਦਾ ਯਤਨ ਕੀਤਾ ਪਰ ਜਥੇਦਾਰ ਜੱਸਾ ਸਿੰਘ ਜੀ ਨੇ ਠੁਕਰਾ ਦਿੱਤਾ। ਇਸ ਨੇ ਦੁਆਬੇ ਵਿਚ ਬਹੁਤ ਸਾਰਾ ਇਲਾਕਾ ਜਿੱਤ ਕੇ ਸੰਨ ੧੭੭੪ ਈ. ਵਿਚ ਕਪੂਰਥਲੇ ਵਿਚ ਆਪਣੀ ਰਿਆਸਤ ਦੀ ਰਾਜਧਾਨੀ ਕਾਇਮ ਕੀਤੀ। ਜਦੋਂ ਸੰਨ ੧੭੭੯ ਈ. ਵਿਚ ਦਿੱਲੀ ਦੇ ਵਜ਼ੀਰ ਅਬਦੁਲ ਅਹਿਦ ਖ਼ਾਨ ਨੇ ਪਟਿਆਲਾ-ਪਤਿ ਰਾਜਾ ਅਮਰ ਸਿੰਘ ਉਤੇ ਹਮਲਾ ਕੀਤਾ ਤਾਂ ਜਥੇਦਾਰ ਜੱਸਾ ਸਿੰਘ ਜੀ ਆਪਣੇ ਦਲਬਲ ਸਹਿਤ ਰਾਜੇ ਦੀ ਮਦਦ ਨੂੰ ਪਹੁੰਚਿਆ ਅਤੇ ਮੁਗ਼ਲ ਫ਼ੌਜ ਨੂੰ ਭਜਾ ਕੇ ਉਨ੍ਹਾਂ ਤੋਂ ੭ ਲੱਖ ਰੁਪਏ ਹਰਜਾਨੇ ਵਜੋਂ ਲਏ। ਇਸ ਨੇ ਪੰਜਾਬ ਵਿਚ ਅਫ਼ਗਾਨ ਤੇ ਮੁਗ਼ਲ ਸ਼ਕਤੀ ਨੂੰ ਵੰਗਾਰਦੇ ਸਿੱਖਾਂ ਦੀ ਸੁਤੰਤਰ ਹੋਂਦ ਕਾਇਮ ਕੀਤੀ। ਇਸ ਤਰ੍ਹਾਂ ੧੮ਵੀਂ ਸਦੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਦ ਇਸ ਨੇ ਸਿੱਖ-ਸ਼ਕਤੀ ਦਾ ਸੁੰਦਰ ਪ੍ਰਦਰਸ਼ਨ ਕੀਤਾ।

ਯੁੱਧ-ਵੀਰ ਤੋਂ ਇਲਾਵਾ ਇਹ ਧਰਮ-ਵੀਰ ਵੀ ਸੀ। ਇਸ ਹੱਥੋਂ ਅੰਮ੍ਰਿਤਪਾਨ ਕਰਨਾ ਗੌਰਵਮਈ ਸਮਝਿਆ ਜਾਂਦਾ ਸੀ। ਪਟਿਆਲੇ ਦੇ ਰਾਜਾ ਅਮਰ ਸਿੰਘ ਨੇ ਜਥੇਦਾਰ ਜੱਸਾ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ। ਇਸ ਦਾ ਦੇਹਾਂਤ ੨੦ ਅਕਤੂਬਰ ੧੭੮੩ ਈ. ਨੂੰ ਅੰਮ੍ਰਿਤਸਰ ਵਿਚ ਹੋਇਆ। ਕੌਮ ਦੀ ਉੱਨਤੀ ਲਈ ਇਸ ਵੱਲੋਂ ਕੀਤੀਆਂ ਖ਼ਿਦਮਤਾਂ ਨੂੰ ਸਾਹਮਣੇ ਰਖਦੇ ਹੋਇਆਂ ਉਸ ਸਮੇਂ ਦੇ ਪੰਥਕ ਆਗੂਆਂ ਨੇ ਇਸ ਦੀ ਸਮਾਧ 'ਗੁਰਦੁਆਰਾ ਬਾਬਾ ਅਟਲ ਰਾਏ ਦੇ ਇਹਾਤੇ ਵਿਚ ਬਣਾਈ।

# ਸਾਕਾ ਸ੍ਰੀ ਪੰਜਾ ਸਾਹਿਬ

-ਡਾ. ਰਛਪਾਲ ਸਿੰਘ

ਪੰਜਾ ਸਾਹਿਬ ਉਹ ਪਵਿੱਤਰ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਲੀ ਕੰਧਾਰੀ ਦਾ ਹੰਕਾਰ ਤੋੜ ਕੇ, ਭਾਈ ਮਰਦਾਨਾ ਜੀ ਨੂੰ ਸੀਤਲ ਜਲ ਛਕਾਇਆ ਸੀ। ਉਸ ਸਮੇਂ ਇਸ ਦਾ ਨਾਮ ਹਸਨ ਅਬਦਾਲ ਸੀ । ਉੱਥੇ ਅੱਜ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜਾ, ਭਾਰੀ ਪੱਥਰ ਵਿਚ ਉੱਕਰਿਆ ਹੋਇਆ ਹੈ। ਵਲੀ ਕੰਧਾਰੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਾਰਨ ਲਈ ਕ੍ਰੋਧ ਵਿਚ ਇਕ ਭਾਰੀ ਪੱਥਰ ਚੋਟੀ ਤੋਂ ਹੇਠਾਂ ਰੇਹੜਿਆ ਗਿਆ ਸੀ, ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥ ਲਗਾ ਕੇ (ਪੰਜਾ ਲਾ ਕੇ) ਰੋਕ ਲਿਆ ਸੀ। ਜਿਸ ਕਰਕੇ ਵਲੀ ਕੰਧਾਰੀ ਨੇ ਗੁਰੂ ਜੀ ਤੋਂ ਮੁਆਫੀ ਮੰਗੀ ਸੀ ਤੇ ਅੱਗੇ ਤੋਂ ਚੰਗੇ ਕੰਮ ਕਰਨ ਦਾ ਪ੍ਰਣ ਲਿਆ ਸੀ।

ਇਹ ਉਹੀ ਪੰਜਾ ਸਾਹਿਬ ਦਾ ਪਾਵਨ ਅਸਥਾਨ ਹੈ, ਜਿੱਥੇ ਸਿੱਖ ਸੰਗਤ ਨੇ ਸਿਰ ਦੀ ਬਾਜ਼ੀ ਲਾ ਕੇ ਧਰਮੀ ਜ਼ਖ਼ਮੀ ਕੈਦੀ ਸਿੰਘਾਂ ਨੂੰ ਗੱਡੀ ਰੋਕ ਕੇ ਲੰਗਰ ਛਕਾਇਆ ਅਤੇ ਸਾਕਾ ਪੰਜਾ ਸਾਹਿਬ ਵਾਪਰਿਆ। ਰਹਿੰਦੀ ਦੁਨੀਆ ਤਕ ਇਹ ਸਾਕਾ ਸਦਾ ਲਈ ਅਮਰ ਰਹੇਗਾ।

'ਸਾਕਾ ਪੰਜਾ ਸਾਹਿਬ' ਕਿਉਂ ਵਾਪਰਿਆ? ਪਹਿਲਾਂ ਇਸ ਦੀ ਪਿੱਠ-ਭੂਮੀ ਵਿਚ ਝਾਤ ਮਾਰ ਲੈਣੀ ਉੱਚਿਤ ਪ੍ਰਤੀਤ ਹੁੰਦੀ ਹੈ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਫੌਜਾਂ ਲਈ ਯੋਗ ਆਗੂ ਦੀ ਘਾਟ, ਸਿੱਖਾਂ ਡੋਗਰਿਆਂ ਦੀ ਪ੍ਰਸਪਰ ਫੁੱਟ ਅਤੇ ਅੰਗਰੇਜ਼ ਦੀਆਂ ਮੰਦੀਆਂ ਚਾਲਾਂ ਕਾਰਨ, ੧੮੪੯ ਈ. ਨੂੰ ਪੰਜਾਬ ਦੀ ਅਣਖੀਲੀ ਧਰਤੀ 'ਤੇ ਅੰਗਰੇਜ਼ਾਂ ਦਾ ਮੁਕੰਮਲ ਤੌਰ 'ਤੇ ਕਬਜ਼ਾ ਹੋ ਗਿਆ। ਇਸ ਪ੍ਰਕਾਰ ਪੰਜਾਬ ਸਿੱਧੇ ਤੌਰ 'ਤੇ ਇੰਗਲੈਂਡ ਦੇ ਬਾਦਸ਼ਾਹ ਦੇ ਰਾਜ ਪ੍ਰਬੰਧ ਦਾ ਇਕ ਹਿੱਸਾ ਬਣ ਗਿਆ। ਇੰਗਲੈਂਡ ਦੇ ਹੁਕਮਰਾਨ ਸਦਾ ਲਈ ਹੀ ਇੱਥੇ ਕਾਬਜ਼ ਰਹਿਣਾ ਚਾਹੁੰਦੇ ਸਨ। ਸਿੱਖ ਇਕ ਬਹਾਦਰ, ਨਿਡਰ, ਅਣਖੀਲੀ ਅਤੇ ਸੁਤੰਤਰ ਸੁਭਾਅ ਦੀ ਕੌਮ ਹੈ। ਇਸ ਦਾ ਪ੍ਰੇਰਣਾ-ਸ੍ਰੋਤ ਅਤੇ ਅਗਵਾਈ ਕੇਂਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਵਨ ਸਿੱਖਿਆ ਅਤੇ ਉਪਦੇਸ਼ ਹੈ। ਗੁਰਦੁਆਰਾ ਸਾਹਿਬ ਸਿੱਖੀ ਦੇ ਸਕੂਲ ਹਨ, ਜਿੱਥੋਂ ਸਰਬੱਤ ਲੋਕਾਈ ਨੂੰ ਬਿਨਾਂ ਕਿਸੇ ਜਾਤੀ ਭਿੰਨ-ਭੇਦ ਦੇ ਸਹੀ ਇਨਸਾਨ ਬਣਨ ਦੀ ਪ੍ਰੇਰਣਾ ਮਿਲਦੀ ਹੈ। ਅੰਗਰੇਜ਼ ਸਰਕਾਰ ਦੀਆਂ ਮੰਦੀਆਂ ਨੀਤੀਆਂ ਨੇ ਗੁਰਦੁਆਰਾ ਸਾਹਿਬਾਨ ਉੱਪਰ ਆਪਣੇ ਸਰਕਾਰੀ ਪਿੱਠੂ-ਮਹੰਤਾਂ ਦਾ ਕਬਜ਼ਾ ਕਰਵਾ ਦਿੱਤਾ। ਇਹ ਮਹੰਤ ਗੁਰਧਾਮਾਂ ਵਿਚ ਐਸ਼-ਓ-ਆਰਾਮ ਅਤੇ ਬਦਫੈਲੀਆਂ ਕਰਨ ਲੱਗ ਪਏ। ਇਨ੍ਹਾਂ ਨੇ ਨਿੱਤਨੇਮ ਭੁਲਾ ਦਿੱਤਾ ਅਤੇ ਬਦਮਾਸ਼-ਗੁੰਡੇ ਰੱਖ ਲਏ। ਗੁਰੂ-ਘਰਾਂ ਵਿੱਚੋਂ ਜਿੱਥੇ ਗੁਰਬਾਣੀ ਦੀ ਪਵਿੱਤਰ ਮਹਿਕ ਆਉਣੀ ਚਾਹੀਦੀ ਸੀ, ਉੱਥੇ ਮਾਇਆ ਪਦਾਰਥ ਅਤੇ ਬਦਮਾਸ਼ੀ ਦੇ ਅੱਡੇ ਬਣ ਗਏ। ਇਹ ਸਭ ਕੁਝ ਅਣਖੀਲੀ ਸਿੱਖ ਕੌਮ ਨੂੰ ਕਦੇ ਵੀ ਪ੍ਰਵਾਨ ਨਹੀਂ ਸੀ। ਇਸ ਮੰਤਵ ਦੀ ਪੂਰਤੀ ਲਈ, ਗੁਰੂ-ਘਰਾਂ ਨੂੰ ਅਸਿੱਧੇ ਤੌਰ 'ਤੇ ਅੰਗਰੇਜ਼ਾਂ ਅਤੇ ਸਿੱਧੇ ਤੌਰ 'ਤੇ ਵਿਲਾਸੀ ਮਹੰਤਾਂ ਦੇ ਟੋਲਿਆਂ ਤੋਂ ਅਜ਼ਾਦ ਕਰਾਉਣ ਲਈ, ਸਿੰਘਾਂ ਵੱਲੋਂ ਵੱਖ-ਵੱਖ ਮੋਰਚੇ ਲਗਾਏ ਗਏ। ਇਹ ਸਮਾਂ ੧੯੨੦ ਈ. ਤੋਂ ੧੯੨੪ ਈ. ਦੇ ਦਰਮਿਆਨ ਦਾ ਹੈ। ਇਸੇ ਸਮੇਂ ਦੌਰਾਨ ਗੁਰਦੁਆਰਾ ਨਨਕਾਣਾ ਸਾਹਿਬ, ਪੰਜਾ ਸਾਹਿਬ, ਚਾਬੀਆਂ ਦਾ ਮੋਰਚਾ ਅਤੇ ਗੁਰੂ ਕੇ ਬਾਗ ਦਾ ਮੋਰਚਾ ਵਿਸ਼ੇਸ਼ ਵਰਣਨਯੋਗ ਹਨ।

ਗੁਰੂ ਕਾ ਬਾਗ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲੱਗਭਗ ੧੪ ਕਿਲੋਮੀਟਰ ਦੂਰ, ਤਹਿਸੀਲ ਅਜਨਾਲਾ ਵਿਚ

ਸਥਿਤ ਹੈ। ਇਸ ਪਾਵਨ ਅਸਥਾਨ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦਗਾਰ ਵਿਚ ਗੁਰਦੁਆਰਾ ਗੁਰੂ ਕਾ ਬਾਗ ਸੁਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਦਾ ਮਹੰਤ ਸੁੰਦਰ ਦਾਸ ਸੀ। ਜੋ ਅਤਿਅੰਤ ਮੰਦੇ ਆਚਰਨ ਵਾਲਾ ਸੀ। ਉਸ ਨੇ ਗੁਰੂ-ਘਰ ਨੂੰ ਐਸ਼-ਵਿਲਾਸ ਅਤੇ ਬਦਮਾਸ਼ੀ ਦਾ ਅੱਡਾ ਬਣਾਈ ਰੱਖਿਆ ਸੀ। ਸਿੱਖ ਸੰਗਤ ਨੇ ਉਸ ਨੂੰ ਪਤਵੰਤੇ ਸੱਜਣਾਂ ਰਾਹੀਂ ਕਈ ਵਾਰੀ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਸੰਗਤ ਸਾਹਮਣੇ "ਹਾਂ" ਕਰ ਦੇਣ (ਮੰਨ ਜਾਣ ਤੋਂ ਬਾਅਦ) ਫਿਰ ਉਸ ਦੀਆਂ ਮੰਦੀਆਂ ਕਰਤੂਤਾਂ ਜਿਉਂ ਦੀ ਤਿਉਂ ਹੀ ਰਹੀਆਂ ਸਨ। ਗੁਰਦੁਆਰਾ ਗੁਰੂ ਕਾ ਬਾਗ ਨੂੰ ਅਜ਼ਾਦ ਕਰਾਉਣ ਲਈ ਸਿੰਘਾਂ ਦੇ ਜਥੇ ਜਾਣ ਲੱਗੇ। ਸਰਕਾਰ ਦਾ ਇਰਾਦਾ ਵੀ ਗੁਰਦੁਆਰਾ ਸੁਧਾਰ ਲਹਿਰ ਨੂੰ ਪੂਰੀ ਤਰ੍ਹਾਂ ਦਬਾਉਣ ਦਾ ਸੀ। ਇਸ ਦੀ ਮਹੰਤਾਂ/ਪੁਜਾਰੀਆਂ ਨੂੰ ਪੂਰੀ ਸ਼ਹਿ ਸੀ। ਸਰਕਾਰ ਨੇ ਗੁਰਦੁਆਰਾ ਸਾਹਿਬ ਨੂੰ ਜਾਂਦੇ ਰਸਤੇ ਸੀਲ ਕਰ ਦਿੱਤੇ । ਜੋ ਵੀ ਇਧਰ ਨੂੰ ਜਾਂਦਾ ਸਰਕਾਰੀ ਪੁਲੀਸ ਵੱਲੋਂ ਰੱਜ ਕੇ ਕੁੱਟਿਆ ਅਤੇ ਮਾਰਿਆ ਜਾਂਦਾ। ਜ਼ਖ਼ਮੀਆਂ ਨੂੰ ਫੜ੍ਹ-ਫੜ੍ਹ ਕੇ ਘੜੀਸ-ਘੜੀਸ ਮਾਰਿਆ ਜਾਂਦਾ ਸੀ। ਇਹ ਮੋਰਚਾ ਗੁਰੂ ਮਿਹਰ ਨਾਲ ਲਗਾਤਾਰ ਚੱਲਦਾ ਗਿਆ। ਸਿੰਘਾਂ ਦੇ ਜਥੇ ਬਾਰ-ਬਾਰ ਜਾਂਦੇ ਅਤੇ ਗ੍ਰਿਫ਼ਤਾਰੀਆਂ ਦਿੰਦੇ। ਇਸੇ ਸਮੇਂ ਦੌਰਾਨ ਹੀ ਗੁਰਦੁਆਰਾ ਪੰਜਾ ਸਾਹਿਬ ਦਾ ਮਹਾਨ ਸਾਕਾ ਹੋਇਆ। ਗੁਰੂ ਕੇ ਬਾਗ ਦੇ ਮੋਰਚੇ ਦੇ ਬੇਹੋਸ਼, ਜ਼ਖ਼ਮੀ ਸਿੰਘਾਂ ਕੈਦੀਆਂ ਨੂੰ ਗ੍ਰਿਫ਼ਤਾਰ ਕਰ ਕੇ ਰੇਲ ਗੱਡੀ ਰਾਹੀਂ ਅਟਕ (ਪਾਕਿਸਤਾਨ) ਜੇਲ੍ਹ ਵਿਚ ਭੇਜਿਆ ਜਾਣਾ ਸੀ। ਪੰਜਾ ਸਾਹਿਬ ਦੀ ਸੰਗਤ ਨੂੰ ਸੂਹ ਮਿਲ ਗਈ। ਉਨ੍ਹਾਂ ਨੇ ਭੁੱਖੇ-ਭਾਣੇ ਜ਼ਖ਼ਮੀ ਸਿੰਘਾਂ ਯੋਧਿਆਂ ਨੂੰ ਜਲ-ਪਾਣੀ ਅਤੇ ਲੰਗਰ ਛਕਾਉਣ ਲਈ ਰੇਲਵੇ ਸਟੇਸ਼ਨ ਮਾਸਟਰ ਨੂੰ ਕੁਝ ਚਿਰ ਗੱਡੀ ਰੋਕ ਦੇਣ ਦੀ ਬੇਨਤੀ ਕੀਤੀ ਪਰ ਸਰਕਾਰ ਦਾ ਸਖਤ ਹੁਕਮ ਸੀ। ਸਟੇਸ਼ਨ ਮਾਸਟਰ ਨੇ ਕੋਰੀ ਨਾਂਹ ਕਰ ਦਿੱਤੀ।

ਸਿੰਘ ਸੂਰਮਿਆਂ (ਸੰਗਤ) ਨੇ ਅਰਦਾਸਾ ਸੋਧਿਆ। ਗੁਰੂ ਸਾਹਿਬ ਤੋਂ ਇਸ ਕਾਰਜ ਵਿਚ ਸਹਾਈ ਹੋਣ ਲਈ ਬਲ ਲਿਆ। ਬਸ ਫਿਰ ਕੀ ਸੀ- ਸੰਗਤ ਵਿਚ ਠਾਠਾਂ ਮਾਰਦਾ ਅਥਾਹ ਜੋਸ਼ ਭਰ ਆਇਆ। ਚਾਰ ਚੁਫੇਰੇ "ਬੋਲੇ ਸੋ ਨਿਹਾਲ- ਸਤਿ ਸ੍ਰੀ ਅਕਾਲ", "ਪੰਥ ਕੀ ਜੀਤ" ਰਾਜ ਕਰੇਗਾ ਖਾਲਸਾ "ਦੇਗ ਤੇਗ ਫਤਹ" ਅਤੇ "ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ" ਦੇ ਨਾਅਰੇ ਉੱਚੀ-ਉੱਚੀ ਗੂੰਜਣ ਲੱਗ ਪਏ। ਸੰਗਤ ਵਿਚ ਬੀਰ ਰਸ ਭਰ ਗਿਆ। ਸੰਗਤ ਨੇ ਪ੍ਰਣ ਕਰ ਲਿਆ ਕਿ ਗੱਡੀ ਰੋਕਣੀ ਹੀ ਰੋਕਣੀ ਹੈ। ਸਭ ਮਾਈ ਭਾਈ ਰੇਲ ਗੱਡੀ ਦੀ ਲਾਇਨ 'ਤੇ ਬੈਠ ਗਏ। ਕੁਝ ਲੰਮੇ ਪੈ ਗਏ। ਉਧਰੋਂ ਗੱਡੀ ਹਵਾ ਦੀ ਤਰ੍ਹਾਂ ਤੇਜ਼ ਰਫ਼ਤਾਰ ਨਾਲ ਦੂਰੋਂ ਚੀਕਾਂ ਮਾਰਦੀ ਆ ਰਹੀ ਸੀ। ਸਿੱਖ ਸੰਗਤ ਅਰਥਾਤ ਗੁਰੂ ਕਾ ਖਾਲਸਾ ਅਡੋਲ, ਨਿਡਰ ਰੇਲ ਗੱਡੀ ਦੀ ਲਾਇਨ 'ਤੇ ਸਿਰ ਟਿਕਾ ਕੇ ਲੰਮੇ ਪੈ ਗਿਆ। ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਦੇ ਉੱਪਰੋਂ ਦੀ ਗੱਡੀ ਲੰਘ ਗਈ ਸਿੰਘ ਸ਼ਹੀਦ ਹੋ ਗਏ। ਗੁਰੂ ਮਿਹਰ ਨਾਲ ਗੱਡੀ ਰੁਕ ਗਈ। ਸਿੱਖ ਸੰਗਤ ਨੇ ਭੁੱਖੇ ਜ਼ਖ਼ਮੀ ਕੈਦੀ ਸਿੰਘਾਂ ਨੂੰ ਭੋਜਨ ਛਕਾਇਆ। ਇਹ ਸਭ ਵੇਖ ਕੇ ਅੰਗਰੇਜ਼ ਹੈਰਾਨ ਰਹਿ ਗਿਆ ਕਿ ਸਿੱਖ ਸੰਗਤ ਵਿਚ ਆਪਣੇ ਭਾਈਚਾਰੇ ਲਈ ਕਿੰਨਾ ਪਿਆਰ ਹੈ। ਉਹ ਇਨ੍ਹਾਂ ਤੋਂ ਆਪਣੀ ਜਾਨ ਵੀ ਵਾਰ ਰਹੇ ਹਨ। ਇਸੇ ਨੂੰ ਪੰਜਾ ਸਾਹਿਬ ਦਾ ਸਾਕਾ ਕਿਹਾ ਜਾਂਦਾ ਹੈ ਰਹਿੰਦੀ ਦੁਨੀਆ ਤਕ ਇਸ ਸਾਕੇ ਦੀ ਅਭੁੱਲ ਯਾਦ ਲਈ ਅਮਰ ਰਹੇਗੀ।

# ਸਿੰਘ ਸਭਾ ਲਹਿਰ ਦੇ ਉਦੇਸ਼ ਅਤੇ ਪ੍ਰਾਪਤੀਆਂ

-ਡਾ. ਸਰਬਜੀਤ ਸਿੰਘ

੧੮੪੬ ਈ. ਵਿਚ ਪਹਿਲੀ ਐਂਗਲੋ ਸਿੱਖ ਜੰਗ ਹੋਈ ਜਿਸ ਵਿਚ ਕੁਝ ਗੱਦਾਰ ਜਰਨੈਲਾਂ ਕਾਰਨ ਸਿੱਖ ਫੌਜ ਦੀ ਹਾਰ ਹੋਈ ਸੀ ਪਰ ਅੰਗ੍ਰੇਜ਼ਾਂ ਨੇ ਪੰਜਾਬ 'ਤੇ ਸਿੱਧੇ ਰੂਪ ਵਿਚ ਕਬਜ਼ਾ ਨਹੀਂ ਸੀ ਕੀਤਾ ਅਤੇ ਉਹਨਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਹੀ ਹੁਕਮਰਾਨ ਮੰਨ ਕੇ ਰਾਜ ਚਲਾਉਣ ਨੂੰ ਤਰਜੀਹ ਦਿੱਤੀ ਭਾਵੇਂ ਕਿ ਅਸਲ ਸ਼ਕਤੀਆਂ ਅੰਗਰੇਜ਼ ਰੈਜੀਡੈਂਟ ਕੋਲ ਹੀ ਸਨ। ੧੮੪੯ ਈ. ਵਿਚ ਰਾਜਾ ਸ਼ੇਰ ਸਿੰਘ ਅਟਾਰੀ ਨੇ ਬਗਾਵਤ ਕਰ ਕੇ, ਅੰਗਰੇਜ਼ਾਂ ਵਿਰੁੱਧ ਦੂਸਰੀ ਐਂਗਲੋ ਸਿੱਖ ਜੰਗ ਗੁਜਰਾਤ ਦੀ ਜਗ੍ਹਾ 'ਤੇ ਕੀਤੀ ਇੱਥੇ ਇਹ ਵਰਣਨਯੋਗ ਹੈ ਕਿ ਸ਼ੇਰ ਸਿੰਘ ਦੇ ਨਾਲ ਹਜ਼ਾਰਾਂ ਉਹੋ ਸਿੱਖ ਮਿਲੇ ਸਨ ਜਿਨ੍ਹਾਂ ਦਾ ਅੰਗਰੇਜ਼ਾਂ ਪ੍ਰਤੀ ਗੁੱਸਾ ਸੀ। ਇਹ ਜੰਗ ਪੰਜਾਬ ਦੇ ਕੇਂਦਰੀ ਖੇਤਰ ਲਾਹੌਰ, ਸ੍ਰੀ ਅੰਮ੍ਰਿਤਸਰ ਤੋਂ ਬਹੁਤ ਦੂਰ ਹੋਈ। ਰਾਜਾ ਸ਼ੇਰ ਸਿੰਘ ਅਟਾਰੀ ਦੀ ਕੋਸ਼ਿਸ਼ ਸੀ ਕਿ ਉਹ ਜੰਗ ਲਾਹੌਰ ਸ੍ਰੀ ਅੰਮ੍ਰਿਤਸਰ ਹੋਵੇ ਪਰ ਅੰਗਰੇਜ਼ਾਂ ਨੇ ਬਾਗੀ ਫੌਜਾਂ ਦੇ ਸਾਰੇ ਰਾਹ ਰੋਕ ਦਿੱਤੇ, ਜੇ ਉਹੋ ਜੰਗ ਕਿਤੇ ਸਿੱਖਾਂ ਦੇ ਕੇਂਦਰੀ ਖੇਤਰ ਵਿਚ ਹੋਈ ਹੁੰਦੀ ਤਾਂ ਜੰਗ ਦੇ ਸਿੱਟੇ ਕੁਝ ਹੋਰ ਹੁੰਦੇ ਅਤੇ ਪੰਜਾਬ ਅਤੇ ਭਾਰਤ ਦਾ ਇਤਿਹਾਸ ਵੀ ਕੁਝ ਹੋਰ ਬਣਦਾ। ਉਸ ਬਗਾਵਤ ਨੇ ਅੰਗਰੇਜ਼ਾਂ ਦਾ ਇੰਨਾ ਨੁਕਸਾਨ ਕੀਤਾ ਸੀ ਅਤੇ ਇੰਨੇ ਅੰਗਰੇਜ਼ ਫੌਜੀ ਮਾਰੇ ਸਨ ਜਿੰਨੇ ਸ਼ਾਇਦ ਪਹਿਲੀ ਐਂਗਲੋ ਸਿੱਖ ਜੰਗ ਵਿਚ ਵੀ ਨਹੀਂ ਸੀ ਹੋਇਆ। ਅੰਗਰੇਜ਼ਾਂ ਨੂੰ ਆਪਣੀ ਜਿੱਤ ਦਾ ਕੋਈ ਭਰੋਸਾ ਨਹੀਂ ਸੀ। ਇਹੋ ਵਜਹ ਸੀ ਉਹਨਾਂ ਨੇ ਆਪਣੇ ਪਹਿਲੇ ਕਮਾਂਡਰ ਇਨ ਚੀਫ਼ ਜਨਰਲ ਰਾਫ ਦੀ ਜਗ੍ਹਾ ਜਨਰਲ ਨੈਪੀਅਰ ਨੂੰ ਬਦਲ ਦਿੱਤਾ ਸੀ ਅਤੇ ਜਨਰਲ ਨੈਪੀਅਰ ਪੰਜਾਬ ਵੱਲ ਚੱਲ ਵੀ ਪਿਆ ਸੀ।

ਪਰ ਇਹਨਾਂ ਦੋਵਾਂ ਜੰਗਾਂ ਵਿਚ ਅਟਾਰੀਵਾਲਾ ਪਰਵਾਰ ਦੀ ਭੂਮਿਕਾ ਬਹੁਤ ਅਹਿਮ ਰਹੀ ਸੀ। ਪਹਿਲੀ ਜੰਗ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਉਸ ਜੰਗ ਦਾ ਨਾਇਕ ਸੀ ਉਸ ਨੇ ਪ੍ਰਣ ਕੀਤਾ ਸੀ ਕਿ ਉਹ ਜੰਗ ਹਾਰ ਕੇ ਅਟਾਰੀ ਵਾਪਿਸ ਨਹੀਂ ਜਾਵੇਗਾ ਅਤੇ ਉਹ ਲੜਦਾ ਹੋਇਆ ਉਸ ਜੰਗ ਵਿਚ ਸ਼ਹੀਦ ਹੋ ਗਿਆ। ਦੂਸਰੀ ਐਂਗਲੋ ਸਿੱਖ ਜੰਗ ਦਾ ਨਾਇਕ ਰਾਜਾ ਸ਼ੇਰ ਸਿੰਘ ਅਟਾਰੀ ਵੀ ਉਸ ਅਟਾਰੀ ਪਰਵਾਰ ਵਿਚੋਂ ਸੀ ਅਤੇ ਉਸ ਜੰਗ ਵਿਚ ਉਸ ਦਾ ਬਜ਼ੁਰਗ ਬਾਪ ਰਾਜਾ ਚਤਰ ਸਿੰਘ ਵੀ ਲੜਿਆ ਸੀ।

੧੮੪੯ ਈ. ਵਿਚ ਪੰਜਾਬ 'ਤੇ ਅੰਗਰੇਜ਼ਾਂ ਨੇ ਪੂਰਾ ਕਬਜ਼ਾ ਕਰ ਕੇ ਆਪਣੇ ਨਵੇਂ ਕਾਨੂੰਨ ਲਾਗੂ ਕੀਤੇ। ਉਹਨਾਂ ਨੇ ਵਿੱਦਿਆ ਪ੍ਰਣਾਲੀ ਬਦਲੀ ਅਤੇ ਪੰਜਾਬ ਵਿਚ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਗਈਆਂ। ਉਸ ਸਮੇਂ ਦੇ ਸਿੱਖ ਆਗੂਆਂ ਦੇ ਮਨ ਵਿਚ ਇਸ ਤਰ੍ਹਾਂ ਦੇ ਵਿਚਾਰ ਆਏ ਕਿ ਸਿੱਖ ਧਰਮ ਦਾ ਪ੍ਰਚਾਰ ਅਤੇ ਸਿੱਖ ਬੱਚਿਆਂ ਲਈ ਮਿਆਰੀ ਵਿੱਦਿਆ ਦੇ ਪ੍ਰਬੰਧ ਹੋਣੇ ਚਾਹੀਦੇ ਹਨ ਤਾਂ ਕਿ ਨਵੇਂ ਬਦਲੇ ਸਮਾਜਿਕ ਢਾਂਚੇ ਵਿਚ ਸਿੱਖ ਬੱਚੇ ਭਾਰਤ ਅਤੇ ਦੁਨੀਆਂ ਭਰ ਵਿਚ ਉੱਚੀਆਂ ਪਦਵੀਆਂ 'ਤੇ ਤਾਇਨਾਤ ਹੋ ਸਕਣ। ਸਿੱਖੀ ਦੇ ਪ੍ਰਚਾਰ ਅਤੇ ਸਿੱਖਿਆ ਦੇ ਉਦੇਸ਼ ਨਾਲ ਸਿੰਘ ਸਭਾ ਲਹਿਰ ਸ਼ੁਰੂ ਹੋਈ। ਦਿਲਚਸਪ ਗੱਲ ਇਹ ਹੈ ਕਿ ਇਸ ਸਿੰਘ ਸਭਾ ਲਹਿਰ ਅਤੇ ਉਸ ਤੋਂ ਬਾਅਦ ਇਸ ਵਿਚੋਂ ਹੀ ਸਥਾਪਿਤ ਹੋਏ ਚੀਫ਼ ਖ਼ਾਲਸਾ ਦੀਵਾਨ ਵਿਚ ਫਿਰ ਅਟਾਰੀਵਾਲਾ ਪਰਵਾਰ ਮੋਢੀਆਂ ਵਿਚ ਸੀ। ਸ. ਹਰਬੰਸ ਸਿੰਘ ਅਟਾਰੀ, ਸਰਦਾਰ ਸ਼ਾਮ ਸਿੰਘ ਦਾ ਪੋਤਰਾ ਸੀ ਅਤੇ ਉਸ ਨੇ ਸਿੰਘ ਸਭਾ ਲਹਿਰ ਨੂੰ ਮਜ਼ਬੂਤ ਕਰਨ ਅਤੇ ਵਧਾਉਣ ਵਿਚ ਵੱਡਾ ਯੋਗਦਾਨ ਪਾਇਆ।

ਅੰਗਰੇਜ਼ਾਂ ਵੱਲੋਂ ਪੰਜਾਬ ਦੇ ਕਬਜ਼ਾ ਕਰਨ ਦਾ ਸਿੱਖ ਕੌਮ ਵਿਚ ਵੱਡਾ ਰੋਸ ਸੀ। ਅੰਗਰੇਜ਼ਾਂ ਆਪਣੀ ਕੂਟਨੀਤੀ

ਨਾਲ ਦੇਸ਼ ਵਿੱਚੋਂ ਅਨਪੜ੍ਹਤਾ ਤਾਂ ਦੂਰ ਕਰਨਾ ਚਾਹੁੰਦੇ ਸਨ ਪਰ ਉਹ ਭਾਰਤੀਆਂ ਨੂੰ ਆਪਣੇ ਮੰਤਵਾਂ ਲਈ ਵਰਤਣਾ ਚਾਹੁੰਦੇ ਸਨ। ਉਸ ਵੇਲੇ ਤਕ ਵਿੱਦਿਆ ਸੰਬੰਧੀ ਕੋਈ ਨਿਯਮਤ ਢੰਗ ਦੀ ਪ੍ਰਣਾਲੀ ਨਹੀਂ ਸੀ ਨਾਂ ਹੀ ਕੋਈ ਸਾਂਝਾ ਸਿਲੇਬਸ ਸੀ ਜਿਸ ਨੂੰ ਸਾਰੇ ਪੰਜਾਬ ਵਿਚ ਪੜ੍ਹਿਆ ਜਾਂਦਾ। ਅੰਗਰੇਜ਼ਾਂ ਨੇ ਪਾਦਰੀਆਂ ਨੂੰ ਉਤਸ਼ਾਹਿਤ ਕੀਤਾ ਅਤੇ ਉਹਨਾਂ ਨੇ ਕੁਝ ਈਸਾਈ ਵਿੱਦਿਅਕ ਸੰਸਥਾਵਾਂ ਖੋਲ੍ਹੀਆਂ ਜਿਥੇ ਉਹ ਵਿੱਦਿਆ ਦੇਣ ਦੇ ਨਾਲ ਈਸਾਈ ਧਰਮ ਦਾ ਪ੍ਰਚਾਰ ਵੀ ਕਰਦੇ ਸੀ। ਸਿੱਖਿਆ ਫੈਲਾਉਣ ਲਈ ਅੰਗਰੇਜ਼ ਸਰਕਾਰ ਨੇ ਹੰਟਰ ਕਮੇਟੀ ਦਾ ਗਠਨ ਕੀਤਾ। ਹੰਟਰ ਕਮੇਟੀ ਨੇ ਇਹ ਰਿਪੋਰਟ ਦਿੱਤੀ ਕਿ ਵਧ ਰਹੀਆਂ ਵਿੱਦਿਅਕ ਲੋੜਾਂ ਨੂੰ ਪੂਰਾ ਕਰਨ ਲਈ ਹਿੰਦ-ਵਾਸੀਆਂ ਵੱਲੋਂ ਆਪੋ ਆਪਣੀਆਂ ਵਿੱਦਿਅਕ ਸੰਸਥਾਵਾਂ ਬਣਾਉਣਾ ਹੀ ਸਭ ਤਰੀਕਿਆਂ ਨਾਲੋਂ ਮਹੱਤਵਪੂਰਨ ਸਾਧਨ ਹੈ। ਪਰ ਵਿੱਦਿਆ ਦੇ ਵਧਣ ਦੀ ਇਸ ਇਜਾਜ਼ਤ ਦੇ ਨਾਲ ਉਹਨਾਂ ਨੇ ਬੜੇ ਢੰਗ ਨਾਲ ਇਨ੍ਹਾਂ ਸਕੂਲਾਂ ਵਿਚ ਪੜ੍ਹਾਇਆ ਜਾਣ ਵਾਲਾ ਸਿਲੇਬਸ ਅਤੇ ਵਿੱਦਿਆ ਦਾ ਨਿਰੀਖਣ ਕਰਨ ਦਾ ਅਧਿਕਾਰ ਸਰਕਾਰ ਨੇ ਆਪਣੇ ਕੋਲ ਰੱਖਿਆ।

ਅਸਲ ਵਿਚ ਉਸ ਵਕਤ ਸਿੱਖ ਕੌਮ ਦਾ ਭਵਿੱਖ ਬਹੁਤ ਧੁੰਦਲਾ ਸੀ। ੧੮੪੯ ਵਿਚ ਉਹਨਾਂ ਕੋਲੋਂ ਸਿੱਖ ਰਾਜ ਖੁੱਸਿਆ ਸੀ, ਅੰਗਰੇਜ਼, ਸਿੱਖਾਂ ਦੇ ਨਾ ਸਿਰਫ ਸਮਾਜਿਕ ਸਗੋਂ ਧਾਰਮਿਕ ਕੰਮਾਂ ਵਿਚ ਵੀ ਦਖ਼ਲ ਦੇ ਰਹੇ ਸਨ। ਸਿੱਖ ਆਪਣੇ ਮੂਲ ਕੇਂਦਰ ਤੋਂ ਟੁਟ ਰਹੇ ਸਨ ਅਤੇ ਉਹਨਾਂ ਦਾ ਵਿਸ਼ਵਾਸ ਕਮਜ਼ੋਰ ਹੋ ਰਿਹਾ ਸੀ। ਈਸਾਈ ਧਰਮ ਦੇ ਪ੍ਰਚਾਰ ਨਾਲ ਜਿਥੇ ਪਛੜੇ ਵਰਗਾਂ ਦੇ ਲੋਕ ਈਸਾਈ ਧਰਮ ਵਲ ਆਕ੍ਰਸ਼ਿਤ ਸਨ, ਉੱਥੇ ਉੱਚੀਆਂ ਜਾਤੀਆਂ ਦੇ ਵਰਗਾਂ 'ਤੇ ਵੀ ਇਸ ਦਾ ਪ੍ਰਭਾਵ ਸੀ। ਉਸ ਸਮੇਂ ਵਿਚ ਚਾਰ ਸਿੱਖ ਘਰਾਣਿਆਂ ਦੇ ਬੱਚਿਆਂ ਨੇ ਲਾਹੌਰ ਦੇ ਇਕ ਕਾਲਜ ਵਿਚ ਦਾਖ਼ਲਾ ਲੈਣਾ ਸੀ। ਉਹ ਦਾਖ਼ਲਾ ਲੈਣ ਦੇ ਯੋਗ ਵੀ ਸਨ ਪਰ ਪ੍ਰਬੰਧਕਾਂ ਨੇ ਉਹਨਾਂ ਬੱਚਿਆਂ ਦੇ ਦਾਖ਼ਲਾ ਲੈਣ ਲਈ ਉਹਨਾਂ ਦੇ ਕੇਸ ਕਟਵਾਉਣ ਦੀ ਸ਼ਰਤ ਲਾ ਦਿੱਤੀ ਜਿਸ ਕਰਕੇ ਉਹਨਾਂ ਨੇ ਮਜਬੂਰੀ ਵਿਚ ਇਹ ਫੈਸਲਾ ਵੀ ਲੈ ਲਿਆ। ਪਰ ਉਸ ਵਕਤ ਜਿਹੜੀ ਸਿੰਘ ਸਭਾ ਅੰਮ੍ਰਿਤਸਰ ਸਥਾਪਿਤ ਹੋਈ ਸੀ ਉਹਨਾਂ ਨੇ ਇਸ ਸੰਬੰਧੀ ਸਖਤ ਨੋਟਿਸ ਲਿਆ। ਉਹਨਾਂ ਚਾਰ ਬੱਚਿਆਂ ਦੇ ਨਾਮ ਸਨ ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ।

ਸ. ਠਾਕਰ ਸਿੰਘ ਸੰਧਾਵਾਲੀਆ ਨੂੰ ਸ੍ਰੀ ਗੁਰੂ ਸਿੰਘ ਸਭਾ ਦਾ ਪਹਿਲਾ ਪ੍ਰਧਾਨ ਅਤੇ ਗਿਆਨੀ ਗਿਆਨ ਸਿੰਘ ਨੂੰ ਸਕੱਤਰ ਬਣਾਇਆ ਗਿਆ। ਦੂਸਰੀ ਤਰਫ ੧੮੭੯ ਈ. ਵਿਚ ਇਕ ਸਿੰਘ ਸਭਾ ਲਾਹੌਰ ਵਿਚ ਬਣਾਈ ਗਈ ਜਿਸ ਦੀ ਅਗਵਾਈ ਸ. ਗੁਰਮੁਖ ਸਿੰਘ ਕਰ ਰਹੇ ਸਨ।

ਇਨ੍ਹਾਂ ਦੋਵਾਂ ਸਿੰਘ ਸਭਾਵਾਂ ਦਾ ਮੁੱਖ ਉਦੇਸ਼ ਭਾਵੇਂ ਸਿੱਖ ਧਰਮ ਦਾ ਪ੍ਰਚਾਰ ਅਤੇ ਸਿੱਖਿਆ ਦਾ ਵਿਸਥਾਰ ਕਰਨਾ ਸੀ ਪਰ ਇਸ ਦੇ ਅਧੀਨ ਇਨ੍ਹਾਂ ਨੇ ਕੁਝ ਉਦੇਸ਼ਾਂ ਨੂੰ ਚੁਣਿਆ ਸੀ। ੧੮੮੦ ਈ. ਵਿਚ ਦੋਵਾਂ ਸਿੰਘ ਸਭਾਵਾਂ ਦੇ ਆਗੂਆਂ ਨੇ ਇਹ ਵਿਚਾਰ ਕੀਤੀ ਅਤੇ ਜਦੋਂ ਦੋਵਾਂ ਹੀ ਸਿੰਘ ਸਭਾਵਾਂ ਦੇ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਅਤੇ ਸਿੱਖਿਆ ਦਾ ਵਿਸਥਾਰ ਕਰਨਾ ਹੈ ਤਾਂ ਇਨ੍ਹਾਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਇਸ ਲਈ ੧੮੮੦ ਈ. ਵਿਚ ਹੀ ਇੰਨਾਂ ਦੋਵਾਂ ਸਭਾਵਾਂ ਨੇ ਮਿਲ ਕੇ ਇਸ ਦੀ ਜਨਰਲ ਸਭਾ ਦੇ ਅਧੀਨ ਆਪਣੀ ਇਕ ਮੀਟਿੰਗ ਕੀਤੀ ਜਿਸ ਨੇ ਇਸ ਦੀ ਰੂਪ-ਰੇਖਾ ਤੇ ਨਿਯਮ ਅਤੇ ਉਪ-ਨਿਯਮ ਬਣਾਉਣ ਤੇ ਵਿਚਾਰ ਕੀਤੀ।

੧੮੮੩ ਈ. ਵਿਚ ਇਸ ਸਭਾ ਦਾ ਨਾ ਖਾਲਸਾ ਦੀਵਾਨ ਰੱਖਿਆ। ੧੮੮੬ ਈ. ਤਕ ਇਸ ਨੇ ਮਿਲ ਕੇ ਸ੍ਰੀ ਅੰਮ੍ਰਿਤਸਰ ਵਿਚ ਇਕ ਹਸਪਤਾਲ ਖੋਲ੍ਹਿਆ ਅਤੇ ਇਸ ਦੇ ਨਾਲ ਹੀ ਕੁਝ ਸਕੂਲ ਖੋਲ੍ਹਣ ਦਾ ਫੈਸਲਾ ਕੀਤਾ ਜਿਸ ਤਹਿਤ ਸ੍ਰੀ ਅੰਮ੍ਰਿਤਸਰ, ਸਿਆਲਕੋਟ ਅਤੇ ਲਾਹੌਰ ਵਿਚ ਸਕੂਲ ਖੋਲ੍ਹੇ। ਉਸ ਤੋਂ ਬਾਅਦ ਹੋਰ ਸ਼ਹਿਰਾਂ ਜਿਵੇਂ ਰਾਵਲਪਿੰਡੀ, ਫਿਰੋਜਪੁਰ, ਸ਼ਿਮਲਾ, ਜਲੰਧਰ, ਲੁਧਿਆਣਾ, ਕਪੂਰਥਲਾ, ਫਰੀਦਕੋਟ ਅਤੇ ਹੋਰ ਸ਼ਹਿਰਾਂ ਵਿਚ ਸਕੂਲ ਖੋਲ੍ਹੇ।

ਹੁਣ ਖਾਲਸਾ ਦੀਵਾਨ ਨੇ ਇਹ ਵਿਚਾਰ ਕੀਤੀ ਕਿ ਸਿੱਖ ਬੱਚਿਆਂ ਨੂੰ ਸਮੇਂ ਦੇ ਅਨੁਸਾਰ ਉਚੇਰੀ ਵਿੱਦਿਆ ਪ੍ਰਾਪਤ ਕਰਨੀ ਚਾਹੀਦੀ ਹੈ ਜਿਸ ਤੋਂ ਬਗੈਰ ਉਹ ਦੇਸ਼ ਅਤੇ ਵਿਦੇਸ਼ ਵਿਚ ਅੱਗੇ ਨਹੀਂ ਵਧ ਸਕਦੇ। ਇਸ ਲਈ

੧੮੮੩ ਈ. ਵਿਚ ਹੀ ਖ਼ਾਲਸਾ ਦੀਵਾਨ ਨੇ ਖ਼ਾਲਸਾ ਕਾਲਜ ਖੋਲ੍ਹਣ ਦੀ ਸਰਕਾਰ ਨੂੰ ਬੇਨਤੀ ਕੀਤੀ ਪਰ ੧੮੮੬ ਈ. ਵਿਚ ਖ਼ਾਲਸਾ ਦੀਵਾਨ ਵਿਚ ਮਤਭੇਦ ਹੋ ਗਏ ਅਤੇ ਖ਼ਾਲਸਾ ਦੀਵਾਨ ਦੋ ਹਿੱਸਿਆਂ ਵਿਚ ਵੰਡਿਆ ਗਿਆ ਪਰ ਦੋਵੇ ਹੀ ਦੀਵਾਨ ਖ਼ਾਲਸਾ ਕਾਲਜ ਖੋਲ੍ਹਣ ਦੀ ਮੰਗ ਤੇ ਪੱਕੇ ਰਹੇ ਜਿਸ ਨੂੰ ਸਰਕਾਰ ਨੇ ਪ੍ਰਵਾਨ ਵੀ ਕਰ ਲਿਆ ਅਤੇ ਉਸ ਵਕਤ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਜੇਮਜ ਲਾਇਲ ਨੇ ੫ ਮਾਰਚ, ੧੮੯੨ ਈ. ਨੂੰ ਸ੍ਰੀ ਅੰਮ੍ਰਿਤਸਰ ਵਿਚ ਖ਼ਾਲਸਾ ਕਾਲਜ ਦੀ ਨੀਂਹ ਰੱਖੀ।

ਇਸ ਤੋਂ ਪਹਿਲਾਂ ਦੋਵਾਂ ਦੀਵਾਨਾਂ ਨੇ ਮਤਭੇਦ ਖਤਮ ਕਰ ਕੇ ੩੦ ਅਕਤੂਬਰ, ੧੯੦੨ ਈ. ਨੂੰ ਇਕ ਨਵੀਂ ਸੰਸਥਾ ਬਣਾਈ ਜਿਸ ਦਾ ਨਾਮ ਚੀਫ਼ ਖ਼ਾਲਸਾ ਦੀਵਾਨ ਰੱਖਿਆ ਅਤੇ ਇਸ ਸੰਸਥਾ ਨੇ ਪਹਿਲਾਂ ਤੋਂ ਨਿਰਧਾਰਤ ਹੋਏ ਉਦੇਸ਼ਾਂ ਦੀ ਪ੍ਰਾਪਤੀ ਲਈ ਆਪਣਾ ਕੰਮ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿੱਤਾ ਇਨ੍ਹਾਂ ਨਵੇਂ ਮੋਢੀਆਂ ਵਿਚ ਪੰਜ ਨਾਂ ਬਹੁਤ ਮਹੱਤਵਪੂਰਨ ਹਨ, ਉਹ ਸਨ-ਪੰਥ ਰਤਨ ਭਾਈ ਅਰਜਨ ਸਿੰਘ ਜੀ ਬਾਗੜੀਆਂ, ਭਾਈ ਵੀਰ ਸਿੰਘ ਜੀ, ਸ. ਸੁੰਦਰ ਸਿੰਘ ਮਜੀਠੀਆ, ਸ. ਤਰਲੋਚਨ ਸਿੰਘ ਅਤੇ ਸ. ਸ਼ਾਮ ਸਿੰਘ ਅਟਾਰੀ ਦੇ ਪਰਵਾਰ ਦੇ ਸ. ਹਰਬੰਸ ਸਿੰਘ ਅਟਾਰੀ। ਇਸ ਕਮੇਟੀ ਨੇ ਚੀਫ਼ ਖ਼ਾਲਸਾ ਦੀਵਾਨ ਦੇ ਨਿਯਮ ਅਤੇ ਉਪ-ਨਿਯਮ ਬਣਾਏ ਅਤੇ ਤੇਜ਼ੀ ਨਾਲ ਸਿੱਖਿਆ ਦੇ ਪ੍ਰਸਾਰ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ੧੯੦੪ ਈ. ਵਿਚ ਸ੍ਰੀ ਅੰਮ੍ਰਿਤਸਰ ਵਿਚ ਸੈਂਟਰਲ ਖ਼ਾਲਸਾ ਯਤੀਮਖਾਨਾ ਬਣਾਇਆ ਗਿਆ ਜਿਸ ਵਿਚ ਲੋੜਵੰਦ ਬੱਚਿਆਂ ਦੀ ਵਿੱਦਿਆ ਅਤੇ ਰਿਹਾਇਸ਼ ਤੋਂ ਇਲਾਵਾ ਉਹਨਾਂ ਨੂੰ ਪੇਸ਼ੇਵਾਰ ਸਿੱਖਿਆ ਦੇਣ ਦਾ ਪ੍ਰਬੰਧ ਵੀ ਕੀਤਾ ਗਿਆ। ਭਾਈ ਵੀਰ ਸਿੰਘ ਦੀਆਂ ਲਿਖਤਾਂ, ਖ਼ਾਲਸਾ ਸਮਾਚਾਰ ਅਤੇ ਟ੍ਰੈਕਟ ਛਾਪਣ ਕਰਕੇ ਸਿੱਖ ਧਰਮ ਦੇ ਪ੍ਰਚਾਰ ਵਿਚ ਵੱਡਾ ਵਾਧਾ ਹੋਇਆ।

ਸੰਨ ੧੯੦੦ ਤੋਂ ਬਾਅਦ ਮੁਸਲਿਮ ਸਮਾਜ ਵਿੱਦਿਆ ਦੇ ਖੇਤਰ ਵਿਚ ਬਹੁਤ ਅੱਗੇ ਵਧ ਰਿਹਾ ਸੀ। ਦਸੰਬਰ ੧੯੦੭ ਵਿਚ ਸਰ ਸੱਯਦ ਅਹਿਮਦ ਦੀ ਅਗਵਾਈ ਅਧੀਨ ਇਕ ਮੁਸਲਿਮ ਐਜੂਕੇਸ਼ਨਲ ਕਾਨਫਰੰਸ ਕਰਾਚੀ ਵਿਚ ਹੋ ਰਹੀ ਸੀ। ਉਹਨਾਂ ਦਿਨਾਂ ਵਿਚ ਸ. ਹਰਬੰਸ ਸਿੰਘ ਅਟਾਰੀ ਅਤੇ ਸ. ਸੁੰਦਰ ਸਿੰਘ ਮਜੀਠੀਆ ਕਰਾਚੀ ਧਰਮ ਪ੍ਰਚਾਰ ਦੀ ਖਾਤਰ ਗਏ ਹੋਏ ਸਨ। ਉਹਨਾਂ ਨੇ ਵੀ ਉਸ ਕਾਨਫਰੰਸ ਵਿਚ ਹਿੱਸਾ ਲਿਆ ਅਤੇ ਉਹਨਾਂ ਦੀ ਕਾਰਗੁਜ਼ਾਰੀ ਵੇਖ ਕੇ ਉਹ ਉਸ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ੧੯੦੮ ਈ. ਵਿਚ ਗੁਜਰਾਂਵਾਲਾ ਵਿਖੇ ਪਹਿਲੀ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਕਰਨ ਦਾ ਫੈਸਲਾ ਕੀਤਾ ਅਤੇ ਬੜੀ ਸਫ਼ਲਤਾ ਨਾਲ ਉਸ ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਐਜੂਕੇਸ਼ਨਲ ਕਮੇਟੀ ਦੇ ਅਧੀਨ ਆਯੋਜਿਤ ਕੀਤਾ ਜਿਸ ਵਿਚ ਸਿੱਖ ਕੌਮ ਨੂੰ ਆ ਰਹੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਅਤੇ ਖਾਸ ਤੌਰ ਤੇ ਵਿੱਦਿਆ ਦੇ ਵਿਸਥਾਰ ਸੰਬੰਧੀ ਵਿਚਾਰਾਂ ਹੋਈਆਂ। ਇਸ ਕਾਨਫ਼ਰੰਸ ਵਿਚ ਨਵੀਆਂ ਵਿੱਦਿਅਕ ਸੰਸਥਾਵਾਂ ਸਥਾਪਿਤ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਪਹਿਲਾਂ ਹੀ ੯ ਸੰਸਥਾਵਾਂ ਚਲਦੀਆਂ ਸਨ। ਇਸ ਐਜੂਕੇਸ਼ਨਲ ਕਾਨਫ਼ਰੰਸ ਨੇ ਵਿੱਦਿਆ ਦੇ ਖੇਤਰ ਨੂੰ ਵਧਾਉਣ ਲਈ ਇਕ ਰੂਪ-ਰੇਖਾ ਤਿਆਰ ਕੀਤੀ।

ਦੇਸ਼ ਦੀ ਵੰਡ ਤਕ ੩੩ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਆਯੋਜਿਤ ਕੀਤੀਆਂ ਗਈਆਂ। ੧੯੪੭ ਈ. ਤਕ ਚੀਫ਼ ਖ਼ਾਲਸਾ ਦੀਵਾਨ ਨੇ ਕੋਈ ੬੦੦ ਵਿੱਦਿਅਕ ਸੰਸਥਾਵਾਂ ਖੋਲ੍ਹ ਦਿੱਤੀਆਂ ਸਨ। ਸਿੰਘ ਸਭਾ ਨੇ ਜਿਹੜੇ ਉਦੇਸ਼ ਉਲੀਕੇ ਸਨ ਉਹਨਾਂ ਦੀਆਂ ਪ੍ਰਾਪਤੀਆਂ ਚੀਫ ਖਾਲਸਾ ਦੀਵਾਨ ਵੱਲੋਂ ਕੀਤੀਆਂ ਜਾ ਰਹੀਆਂ ਸਨ। ਉਹਨਾਂ ਪ੍ਰਾਪਤੀਆਂ ਵਿਚ ਰੇਲਵੇ ਸਟੇਸ਼ਨਾਂ ਤੇ ਬੱਸ ਸਟੇਸ਼ਨਾਂ ਦੇ ਨਾਮ ਅਤੇ ਟਿਕਟਾਂ ਤੇ ਪੰਜਾਬੀ ਵਿਚ ਲਿਖਵਾਉਣਾਂ, ਸਰਕਾਰੀ ਸਕੂਲਾਂ ਵਿਚ ਪੜ੍ਹਾਈ ਨੂੰ ਪੰਜਾਬੀ ਲਿਪੀ ਵਿਚ ਕਰਵਾਉਣਾ ਸਿੱਖ ਸਕੂਲਾਂ ਵਿਚ ਅੰਮ੍ਰਿਤ ਪ੍ਰਚਾਰ ਕਰਨਾ, ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਸਿੱਖ ਇਤਿਹਾਸ ਰੀਸਰਚ ਵਿਭਾਗ ਖੋਲਣਾ, ਛੋਟੀ ਉਮਰ ਦੇ ਵਿਆਹਾਂ ਤੇ ਰੋਕ, ਵਿਧਵਾ ਵਿਆਹ ਸਬੰਧੀ ਚੇਤਨਾ ਕਿਸਾਨਾਂ ਨੂੰ ਅਗਵਾਈ ਦੇਣ ਲਈ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਖੇਤੀਬਾੜੀ ਕਾਲਜ ਖੋਲਣਾ ਆਦਿ ਸਨ।

ਸਿੰਘ ਸਭਾ ਲਹਿਰ ਨੇ ਪਿਡਾਂ ਵਿਚ ਧਰਮ ਪ੍ਰਚਾਰ ਲਈ ਅਗਵਾਈ ਕੀਤੀ। ਗੁਰਦੁਆਰਾ ਪ੍ਰਬੰਧ ਸੁਧਾਰ

ਲਹਿਰ ਨੇ ਧਾਰਮਿਕ ਸਥਾਨਾਂ ਨੂੰ ਮਹੰਤਾਂ ਦੇ ਕਬਜ਼ਿਆਂ ਤੋਂ ਮੁਕਤ ਕਰਾਉਣ ਦੀ ਮੁਹਿੰਮ ਸ਼ੁਰੂ ਕੀਤੀ ਜਿਸ ਲਈ ਵੱਡੀਆਂ ਕੁਰਬਾਨੀਆਂ ਦੇਣ ਤੋਂ ਬਾਅਦ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਹੋਈ ਇਸ ਨੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲੈਣ ਲਈ ਕਈ ਮੋਰਚੇ ਲਾਏ ਜਿਨ੍ਹਾਂ ਵਿਚ ਮੁੱਖ ਹਨ– ਚਾਬੀਆਂ ਦਾ ਮੋਰਚਾ, ਗੁਰੂ ਕਾ ਬਾਗ ਮੋਰਚਾ, ਜੈਤੋ ਦਾ ਮੋਰਚਾ ਆਦਿ।

ਸੰਖੇਪ ਵਿਚ ਸਿੱਖ ਰਾਜ ਦੇ ਜਾਣ ਤੋਂ ਬਾਅਦ ਸਿੰਘ ਸਭਾ ਲਹਿਰ ਦੇ ਵਿੱਦਿਆ ਦੇ ਖੇਤਰ, ਧਾਰਮਿਕ ਸੁਧਾਰ, ਗੁਰਮੁਖੀ ਲਿਪੀ ਵਿਚ ਵਿੱਦਿਆ, ਸਿਹਤ ਦੇ ਖੇਤਰ, ਵਾਤਾਵਰਣ, ਖੇਡਾਂ, ਗਰੀਬ ਬੱਚਿਆਂ ਦੀ ਸਹੂਲਤ, ਉਚੇਰੀ ਵਿੱਦਿਆ ਲਈ ਮਾਲੀ ਮਦਦ ਅਤੇ ਸਿੱਖ ਬੱਚਿਆਂ ਨੂੰ ਅੰਤਰਰਾਸ਼ਟਰੀ ਮੁਕਾਬਲੇ ਦੇ ਯੋਗ ਬਣਨ ਲਈ ਬਹੁਤ ਸ਼ਲਾਘਾ ਯੋਗ ਕੰਮ ਕੀਤੇ ਹਨ।



ਸਰਦਾਰ ਜੱਸਾ ਸਿੰਘ ਆਹਲੂਵਾਲੀਆ

# ਸਾਕਾ ਸ੍ਰੀ ਪੰਜਾ ਸਾਹਿਬ

